

ਦੂ



# ਹੂ

ਸੰਦੀਪ ਸਿੰਘ ਦੀਵਾਨਾ

*Poetry/Punjabi Poetry*

# Hoo

*A collection of Poems*

*by*

**Sandeep Singh Diwana**
B-VI/31, Bajwa Patti, Barnala

2010

Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

© *2010*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਸਤਿਕਾਰਯੋਗ ਬਾਪੂ ਜੀ ਸਰਦਾਰ ਮਹਿੰਦਰ ਸਿੰਘ ਦੀਵਾਨਾ

ਅਤੇ

ਦਾਦੀ ਜੀ ਸ੍ਰੀਮਤੀ ਗੁਰਦੇਵ ਕੌਰ ਜੀ ਦੇ ਨਾਮ

# ਤਤਕਰਾ


- ਮੈਂ ਅਤੇ ਤੂੰ 11
- ਹੂ 12
- ਸੁਰਸਾਜ਼ 13
- ਪਿਆਸ 14
- ਰੱਬ 15
- ਕੁੜੀਆਂ 16
- ਰੁੱਖ 17
- ਪਾਲਤੂ 18
- ਰੱਬ ਦਾ ਨਾਂ 19
- ਸਲਾਖਾਂ 20
- ਮਹਾਂਵੀਰ 21
- ਮਨ 22
- ਮਹਾਂਯੱਗ 23
- ਸੂਈ ਧਾਗਾ 24
- ਆਈਂ ਜੀ ਸਦਕੇ 25
- ਤਾਰੇ ਵਿਦਾ ਹੋ ਗਏ 26
- ਸ਼ਹਿਰੀ 27
- ਅਰਥ 29
- ਤੁਰਦੇ ਹੋਏ 30
- ਕੁਦਰਤ ਨੂੰ ਨਮਸਕਾਰ 31
- ਅੰਦਰਲੇ ਪੰਨੇ 32
- ਫੁੱਲਾਂ ਦੀ ਅਰਜ਼ੋਈ 33
- ਗੁਰੂ 34
- ਜ਼ਮੀਰ 35
- ਅਖ਼ਬਾਰ 36
- ਚੇਤਨਾ 37

- ਤੂੰ ਨਾ ਜ਼ਿਆਦਾ ਬੋਲ 38
- ਪਹੇਲੀ 40
- ਸਮੇਂ ਦਾ ਗੇੜ 41
- ਮੁਹਾਵਰੇ 42
- ਬਹਾਨਾ 43
- ਤੂੰ ਮੇਰੇ ਲਈ ਏ 44
- ਮੀਂਹ ਕਣੀਆਂ 45
- ਕਸੂਰ 46
- ਮਰਦੰਗ 47
- ਜਦੋਂ ਵੀ ਮਿਲੇ 48
- ਗੁਜਰੇ ਪਲ 49
- ਬਾਗ 50
- ਯਾਦ 51
- ਖਾਲੀ ਥਾਂ 52
- ਅਕਸ 53
- ਕੁਝ ਫ਼ਲਸਫ਼ੇ 54
- ਮੈਂ ਤੇ ਬ੍ਰਹਿਮੰਡ 55
- ਸਲਾਹਾਂ ਵਾਲੇ 56
- ਮਤਲਬੀ 57
- ਵੈਸੇ ਤਾਂ ਉਹ 58
- ਉਹ ਕੌਣ ਏ 59
- ਸੂਫੀ 60
- ਜੋ ਫੁੱਲਾਂ ਨੂੰ ਦੇਖਦੇ ਸਾਰ 61
- ਸਫ਼ਰ 62
- ਧੰਨਵਾਦ 63
- ਪ੍ਰਸ਼ਨ ਚਿੰਨ੍ਹ 64

- ਲੰਘ ਗਏ 65
- ਵਰਤਮਾਨ 66
- ਤਰਜੀਹ 67
- ਨਹਿਲੇ ਤੇ ਦਹਿਲਾ 68
- ਰੁੱਖ ਤੇ ਪੰਛੀ 69
- ਇੰਤਜ਼ਾਰ 70
- ਆਸ਼ੀਰਵਾਦ 71
- ਜ਼ਿੰਦਾਦਿਲੀ 72
- ਮਿਲਣ ਗਏ 73
- ਸੰਖ 74
- ਕਾਸ਼ 75
- ਚੀਸ 76
- ਮੌਨ ਬੁੱਤ 77
- ਚੁੱਪ 78
- ਤਖਤੋਤਾਜ 79
- ਰਵਾਨਗੀ ਰਹੇ 80

# ਭੂਮਿਕਾ

'ਹੂ' ਸ਼ਬਦ ਦਾ ਅਰਥ ਹੈ ਪਰਮਾਤਮਾ, ਅੱਲ੍ਹਾ, ਰੱਬ, ਕੁਦਰਤ। 'ਹੂ' ਸ਼ਬਦ ਦਾ ਦੂਸਰਾ ਅਰਥ ਰੱਬ ਨਾਲ ਮਿਲਾਪ ਵੀ ਸਮਝਿਆ ਜਾਂਦਾ ਹੈ। 'ਹੂ' ਦਾ ਪ੍ਰਯੋਗ ਪੰਜਾਬੀ ਕਾਵਿ ਵਿੱਚ ਸੁਲਤਾਨ ਬਾਹੂ ਨੇ ਹੀ ਸਭ ਤੋਂ ਜ਼ਿਆਦਾ ਕੀਤਾ ਹੈ। ਉਸਦੀ ਰਚੀ ਹੋਈ ਹਰ ਪੰਕਤੀ ਦੇ ਅੰਤ ਵਿਚ 'ਹੂ' ਦਾ ਪ੍ਰਯੋਗ ਕੀਤਾ ਮਿਲਦਾ ਹੈ। ਆਪਣੇ ਮੁਰਸ਼ਦ ਦੇ ਪ੍ਰਤੀ ਤਾਂਘ, ਸਤਿਕਾਰ, ਵਾਰਤਾਲਾਪ, ਹਰ ਸ਼ੈਅ ਨੂੰ ਉਸਦਾ ਰੂਪ ਵੇਖਣਾ, ਸਮਝਣਾ, ਕੁਦਰਤ ਦੇ ਪ੍ਰਤੀ ਆਪਣੇ ਹਾਵ-ਭਾਵ ਨੂੰ ਪ੍ਰਗਟ ਕਰਨਾ ਇਸੇ ਭਾਵ ਤੇ ਅਹਿਸਾਸ ਦਾ ਨਾਮ ਹੈ 'ਹੂ'। 'ਹੂ' ਇੱਕ ਸੰਗੀਤਕ ਸੁਰ ਦੀ ਤਰ੍ਹਾਂ ਹੀ ਹੈ, ਜੋ ਅੰਤਰ ਮਨ 'ਚੋਂ ਉੱਠਦੀ ਹੋਈ ਇੱਕ ਮਹੀਨ ਧੁਨ, ਬਾਹਰ ਦੀ ਪੂਰਨ ਵਿਸ਼ਾਲਤਾ ਦੀ ਪ੍ਰੀਭਾਸ਼ਾ ਦਿੰਦੀ ਹੋਈ ਪ੍ਰਤੀਤ ਹੁੰਦੀ ਹੈ।

ਕਵਿਤਾ ਕਲਪਨਾ, ਸੱਚ ਜਾਂ ਝੂਠ ਹੋਣ ਤੋਂ ਪਹਿਲਾਂ ਇੱਕ ਭਾਵ ਹੀ ਹੁੰਦੀ ਹੈ। ਇਸੇ ਹਾਵ-ਭਾਵ ਜਾਂ ਸਵੈ ਭਾਵ ਦੀ ਹੀ ਕਵਿਤਾ ਤੇ ਅਸਲੀ ਮਲਕੀਅਤ ਹੁੰਦੀ ਹੈ। ਆਕਾਸ਼, ਤਾਰੇ, ਸੂਰਜ, ਚੰਦ, ਬੱਦਲ, ਪੰਛੀ, ਦਰਖਤ, ਫੁੱਲ, ਪੱਤੇ, ਝਰਨੇ, ਧਰਤੀ, ਖੁਸ਼ਬੂਆਂ, ਕੁਦਰਤ ਨਾਲ ਸਾਂਝ, ਪਿਆਰ ਜਾਂ ਇਨਸਾਨੀਅਤ ਵਿੱਚ ਆਈਆਂ ਤਰੁੱਟੀਆਂ, ਬੁਰਾਈਆਂ, ਬਦੀਆਂ ਆਦਿ। ਇੱਕ ਕਵਿਤਾ ਦੀ ਸਿਰਜਣਾ ਪਿੱਛੇ ਇਨ੍ਹਾਂ ਸਭ ਦਾ ਹੱਥ ਹੁੰਦਾ ਹੈ।

'ਹੂ' ਵਿੱਚ ਵੀ ਇਸੇ ਤਰ੍ਹਾਂ ਦੇ ਭਾਵਾਂ ਨੂੰ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। 'ਹੂ' ਵਿੱਚ ਕੁਦਰਤ ਨਾਲ ਸਾਂਝ ਹੈ। ਆਪਣੇ ਆਪ ਨਾਲ ਬਹਿਸ ਹੈ। ਕਲਪਨਾ ਰਾਹੀਂ ਕੁਦਰਤ ਦਾ ਪ੍ਰਗਟਾਵਾ ਹੈ। ਮਨ ਵਿੱਚ ਉੱਠਦੀ ਇੱਕ ਚੇਸ਼ਠਾ ਹੈ, ਦੂਸਰੇ ਨੂੰ ਜਾਨਣ ਦੀ ਤੇ ਉੱਨਾ ਹੀ ਆਪਣੇ-ਆਪ ਨੂੰ ਵੀ ਜਾਨਣ ਦੀ।

**-ਸੰਦੀਪ ਸਿੰਘ ਦੀਵਾਨਾ**

ਇਹ ਚਮਨ ਮੇਰੇ ਇਸ ਜੀਵਨ ਦਾ
ਕੁਝ ਤਾਂ ਪਹਿਲੋਂ ਵੀਰਾਨਾ ਸੀ
ਜੇ ਯਾਦਾਂ ਦੇ ਫੁੱਲ ਨਾ ਖਿੜਦੇ
ਇਹ ਹੋਰ ਵੀਰਾਨਾ ਹੋ ਜਾਂਦਾ।

ਬਿਨ ਬੋਲੇ ਸਿਤਮ ਸਹਾਰਾਂਗੇ
ਪਰ ਯਾਦ ਰੱਖੋ ਓ ਸਿਤਮਗਰੋ
ਕਦੇ ਤੀਰ ਨਿਸ਼ਾਨਾ ਕਰ ਦਿੰਦਾ
ਕਦੇ ਤੀਰ ਨਿਸ਼ਾਨਾ ਹੋ ਜਾਂਦਾ।

ਸੰਨ 1962 ਸ. ਮਹਿੰਦਰ ਸਿੰਘ ਦੀਵਾਨਾ

## ਮੈਂ ਅਤੇ ਤੂੰ

ਜਦ ਇੱਕ "ਤੂੰ" ਹੁੰਦਾ ਏ
ਜਦ ਇੱਕ "ਮੈਂ" ਹੁੰਦਾ ਹਾਂ
ਉਦੋਂ
ਸੰਸਾਰ ਹੁੰਦਾ ਏ

ਜਦ ਮੈਂ, "ਤੂੰ" ਹੁੰਦਾ ਹਾਂ
ਅਤੇ ਤੂੰ "ਮੈਂ" ਹੁੰਦਾ ਏ
ਉਦੋਂ
ਵਰਤਮਾਨ ਹੁੰਦਾ ਏ

ਜਦ ਨਾ "ਤੂੰ" ਹੁੰਦਾ ਏ
ਨਾ ਹੀ "ਮੈਂ" ਹੁੰਦਾ ਹਾਂ
ਉਦੋਂ
ਅੱਗ
ਪਾਣੀ
ਹਵਾ
ਮਿੱਟੀ
ਅਕਾਸ਼
ਹੁੰਦਾ ਏ।

# ਹੂ

ਇੱਕ ਬਿਰਖ ਕੋਲੋਂ ਲੰਘਦੀ ਹਵਾ
ਬਿਰਖ ਕੋਲੋਂ ਸੁਰ ਮੰਗਦੀ ਹਵਾ
ਕੱਲਾ ਕੱਲਾ ਪੱਤਾ ਫਿਰ ਆਖਦਾ ਏ ਹੂ।

ਸਾਹਾਂ ਦਾ ਇਹ ਤਾਣਾ ਬਾਣਾ
ਸਭ ਨੇ ਇੱਕ ਦਿਨ ਛੱਡ ਜਾਣਾ
ਬਾਹਰ ਜਾਂਦਾ ਸਾਹ ਤਾਹੀਓਂ ਆਖਦਾ ਏ ਹੂ।

ਤੁਰਦੇ ਕਦਮਾਂ 'ਚੋਂ ਆਵਾਜ਼ ਆਵੇ
ਮੰਜ਼ਿਲ ਮਿਲਣ ਦਾ ਆਗਾਜ਼ ਆਵੇ
ਨਿਸ਼ਾਨ ਛੱਡਦੇ ਜਾਂਦੇ ਕਦਮ ਵੀ ਆਖਦੇ ਨੇ ਹੂ।

ਮੇਰੇ ਪਿੰਡ ਦੀ ਮੰਜ਼ਿਲ ਇੱਕ ਸ਼ਹਿਰ
ਰਸਤੇ 'ਚ ਆਉਂਦੀ ਏ ਇੱਕ ਨਹਿਰ
ਪੁਲ ਪਾਰ ਕਰਾਂ ਤਾਂ ਪਾਣੀ ਆਖਦਾ ਏ ਹੂ।

ਬੁੱਢੇ ਬਿਰਖ ਦੀ ਏਹ ਛਾਂ
ਮੈਨੂੰ ਆਖੇ ਮੈਂ ਤੇਰੀ ਮਾਂ
ਧੁੱਪ ਲੱਗੇ ਨਾ ਮੇਰੇ ਪੁੱਤ ਨੂੰ ਆਖਦੀ ਏ ਹੂ।

ਇਹ ਬੱਦਲਾਂ ਤੋਂ ਵਰ੍ਹੀਆਂ ਕਣੀਆਂ
ਨਦੀਆਂ, ਨਹਿਰਾਂ ਐਵੇਂ ਨਹੀਂ ਬਣੀਆਂ
ਧਰਤੀ ਦੀ ਪਿਆਸ ਵੀ ਪਹਿਲਾਂ ਆਖਦੀ ਏ ਹੂ।

ਲੈ ਆ ਗਈ ਪੱਤਝੜ ਦੀ ਰੁੱਤ
ਸਹੇਲੀਆਂ ਨੇ ਗੁੰਦ ਦਿੱਤੀ ਗੁੱਤ
ਆ ਕੇ ਲੈ ਗਿਆ ਮੁਸਾਫਰ, ਅੱਖ ਆਖਦੀ ਏ ਹੂ।

## ਸੁਰਸਾਜ਼

ਕੰਨ ਲਾ ਕੇ ਸੁਣਿਆ ਏ
ਸੰਗੀਤਮਈ ਗੁਜਰਦੇ ਪਲ ਪਲ ਨੂੰ
ਵਗਦੀ ਹਵਾ 'ਚ ਕੋਈ ਗੀਤ ਏ
ਪੱਤੇ ਐਵੇਂ ਨਹੀਂ ਸੁਰਸਾਜ਼ ਬਣੇ।

ਸ਼ੁਕਰ ਏ ਤੂੰ ਕੁਝ ਬੋਲਿਆ
ਕੋਈ ਕੁਦਰਤ ਦਾ ਭੇਤ ਖੋਲ੍ਹਿਆ
ਤੇਰੇ ਲਫ਼ਜ਼ ਫੁੱਲਾਂ ਵਾਂਗ ਕਿਰੇ
ਜਦੋਂ ਅਲਫ਼ ਤੋਂ ਅਲਫਾਜ਼ ਬਣੇ।

ਮੈਂ ਪੜ੍ਹੇ ਨੇ ਤੇ ਸੁਣੇ ਨੇ
ਤੇ ਅੱਖੀਂ ਉੱਡਦੇ ਵੇਖੇ ਨੇ
ਕਦੇ ਕਾਗਜ਼ ਤੇ ਕਦੇ ਪੌਣਾਂ ਵਿੱਚ
ਕਦੇ ਆਕਾਸ਼ ਵਿੱਚ ਪਰਵਾਜ਼ ਬਣੇ।

## ਪਿਆਸ

ਆਪਣੀ ਉਡੀਕ ਉਸਦੇ ਨਾਮ ਕਰ ਦੇ
ਜਿਊਂਣ ਦੀ ਜੋ ਆਸ ਦੇ ਜਾਂਦਾ ਏ
ਜਿੱਤੇ ਹੋਏ ਨੂੰ ਵਧਾਈ ਦੇ ਜਾਂਦਾ ਏ
ਤੇ ਹਾਰੇ ਨੂੰ ਧਰਵਾਸ ਦੇ ਜਾਂਦਾ ਏ।

ਕੀ ਕਰਨਾ ਮੈਂ ਇਸ ਰੱਜੇ-ਪੁੱਜੇ ਦਾ
ਜਾਣ ਲੱਗਿਆਂ ਜੋ ਪਿਆਸ ਦੇ ਜਾਂਦਾ ਏ
ਕੋਈ ਤਾਂ ਮਿਲੇ ਹਰੀਕੇ-ਪੱਤਣ ਵਰਗਾ
ਜਿਹੜਾ ਸਤਲੁਜ ਨਾਲ ਬਿਆਸ ਦੇ ਜਾਂਦਾ ਏ।

ਨਵੇਂ ਸਾਲ ਦੇ ਨੇ ਨਵੇਂ ਤੋਹਫੇ
ਲੈਣੇ ਹੀ ਪੈਂਦੇ ਨੇ ਅੱਗੇ ਹੋ ਕੇ
ਪਰ ਅਫ਼ਸੋਸ ਜਦੋਂ ਕੋਈ ਖ਼ੁਸ਼ਬੋਆਂ ਬਹਾਨੇ
ਹੱਥਾਂ 'ਚ ਫੁੱਲਾਂ ਦੀ ਲਾਸ਼ ਦੇ ਜਾਂਦਾ ਏ।

ਮੈਂ ਗ਼ਲਤ ਹਾਂ ਜਾਂ ਸਹੀ ਹਾਂ
ਜੋ ਤੂੰ ਏਂ ਮੈਂ ਵੀ ਉਹੀ ਹਾਂ
ਫਿਰ ਚੁੱਪ ਛਾ ਜਾਂਦੀ ਜਦੋਂ ਕੋਈ
ਗ਼ਲਤੀ ਤੇ ਵੀ ਮੈਨੂੰ ਸ਼ਾਬਾਸ਼ ਦੇ ਜਾਂਦਾ ਏ।

ਰਾਧਾ ਨੱਚਦੀ ਸੀ ਜਿਵੇਂ ਕ੍ਰਿਸ਼ਨ ਲਈ
ਮੀਰਾ ਗਾਉਂਦੀ ਸੀ ਪਿਆਰੇ ਪ੍ਰੀਤਮ ਲਈ
ਪੁੰਨਿਆਂ ਦੀ ਰਾਤ ਵਰਗਾ ਉਹ ਖ਼ਿਆਲ ਕਦੇ
ਮੈਨੂੰ ਵੀ ਇੱਕ ਤਲਾਸ਼ ਦੇ ਜਾਂਦਾ ਏ।

ਈਰਖਾ ਨਾ ਕਰਿਓ ਕਿਸੇ ਦੇ ਦੱਸਣ ਤੇ
ਅੱਗ ਨਾ ਵੰਡਿਓ ਕਿਸੇ ਦੇ ਪੁੱਛਣ ਤੇ
ਮੈਨੂੰ ਕੋਈ ਸ਼ਿਕਾਇਤ ਨਹੀਂ ਤੇਰੇ ਰੁੱਸਣ ਤੇ
ਕਿਉਂਕਿ ਰੁੱਸ ਕੇ ਆਪਣੇਪਣ ਦਾ ਅਹਿਸਾਸ ਮਿਲ ਜਾਂਦਾ ਏ।

## ਰੱਬ

ਦਰਵਾਜ਼ੇ ਤੇ ਭਗਵੇਂ ਕੱਪੜੇ ਪਾਏ ਹੋਏ
ਇੱਕ ਇਨਸਾਨ ਨੇ ਆਵਾਜ਼ ਮਾਰੀ ਏ
ਸਾਧਾਂ ਨੂੰ ਕੁੱਝ ਪਾ
ਰੱਬ ਤੈਨੂੰ
ਪੱਕੀਆਂ ਪਕਾਈਆਂ ਦੇਵੇਗਾ

ਪੁੱਤ ਰੋਟੀ ਖਾ ਲੈ
ਮੈਂ ਪਕਾਤੀ
ਰਸੋਈ ਵਿੱਚੋਂ ਮਾਂ ਨੇ ਵੀ
ਇੱਕ ਅਵਾਜ਼ ਮਾਰੀ ਏ।

## ਕੁੜੀਆਂ

ਇਹ ਕੁੜੀਆਂ
ਜਿਨ੍ਹਾਂ ਨੇ
ਭੈਣਾਂ ਬਣਨਾ,
ਮਾਂਵਾਂ ਬਣਨਾ
ਪਰ ਜਦ
ਕੁੱਖ 'ਚ ਮਰਦੀਆਂ ਨੇ
ਉਦੋਂ ਹੈਰਾਨ ਹੁੰਦਾ ਹਾਂ

ਮੀਡੀਆਂ ਕਰਦੀਆਂ
ਬਾਤਾਂ ਪਾਉਂਦੀਆਂ
ਇਹ ਮਾਂਵਾਂ
ਰਸਤਾ ਵਿਖਾਉਣ ਵਾਲੀਆਂ
ਪਰ ਜਦ
ਖ਼ੁਦ ਚੁਰਸਤੇ 'ਚ ਖੜ੍ਹਦੀਆਂ ਨੇ
ਉਦੋਂ ਹੈਰਾਨ ਹੁੰਦਾ ਹਾਂ

ਬੰਦੇ ਤਾਂ ਜਾਲ ਲਾ ਕੇ
ਫੜਦੇ ਨੇ ਵੇਖੇ
ਮਛਲੀਆਂ
ਹਾਂ ਜਦੋਂ
ਮਛਲੀਆਂ ਹੀ ਮਛਲੀਆਂ ਨੂੰ ਫੜਦੀਆਂ ਨੇ
ਉਦੋਂ ਹੈਰਾਨ ਹੁੰਦਾ ਹਾਂ।

## ਰੁੱਖ

ਜੋ ਜਲਿਆ ਏ ਖ਼ੁਦ ਆਪ ਵੀ
ਮੋਏ ਬੰਦੇ ਨੂੰ ਜਲਾਉਣ ਲਈ
ਉਸ ਰੁੱਖ ਦਾ ਵੀ ਲੱਭ ਥਹੁ ਪਤਾ
ਜੋ ਰਿਹਾ ਸਦਾ ਖਾਮੋਸ਼ ਹੀ।

ਜਿਸ ਦਿਨ ਵੀ ਬੈਠਣ ਜਾਵੇਗਾ
ਦੁੱਖ ਦਰਦ ਵੰਡਾ ਕੇ ਆਵੇਗਾ
ਕਿਸੇ ਰੁੱਖ ਕੋਲ ਵੀ ਬੈਠ ਜਾਈਂ
ਕਰ ਦਵੀਂ ਰੁੱਖ ਦਾ ਅਫਸੋਸ ਵੀ

ਜੋ ਲਪਟਾਂ ਬਣ ਬਣ ਜਲ ਗਿਆ
ਰਾਖ ਬਣ ਮਿੱਟੀ 'ਚ ਰਲ ਗਿਆ
ਉਹਦੇ ਫੁੱਲ ਵੀ ਕਿਤੇ ਲੱਭ ਲਵੀਂ
ਉਹਨਾਂ ਨੂੰ ਵੀ ਕਰ ਰੂਪੋਸ਼ ਦਵੀਂ

ਆਖੀਰ ਨੂੰ ਵੀ ਬੰਦੇ ਦੇ ਵੇਖੋ
ਇੱਕ ਰੁੱਖ ਹੀ ਕੰਮ ਆਉਂਦਾ ਏ
ਛਾਂ ਦਿੰਦਾ, ਹਵਾ ਦਿੰਦਾ ਤੇ ਅੰਤ
ਹਿੱਕ ਤੇ ਪਾ ਕੇ ਵੀ ਅਕਰੋਸ਼ ਨਹੀਂ

## ਪਾਲਤੂ

ਇਹ ਘਰਾਂ ਦੇ
ਪਾਲਤੂ ਕੁੱਤੇ
ਗਲੀਆਂ 'ਚ ਗੰਦ ਪਾਉਣ ਵਾਲਿਆਂ ਨੂੰ
ਨਹੀਂ ਭੌਂਕਦੇ

ਹਾਂ
ਕਾਗਜ਼, ਲਫ਼ਾਫ਼ੇ, ਰੱਦੀ ਡੱਬੇ
ਗੰਦ ਚੁੱਕਣ ਵਾਲੀਆਂ ਔਰਤਾਂ ਨੂੰ
ਜ਼ਰੂਰ ਭੌਂਕਦੇ ਨੇ

ਕੀ ਇਹ ਵੀ
ਘਰਾਂ ਵਿੱਚ ਰਹਿਕੇ
ਘਰਾਂ ਵਿਚਲੇ ਇਨਸਾਨਾਂ ਵਰਗੇ
ਹੋ ਗਏ ਨੇ।

## ਰੱਬ ਦਾ ਨਾਂ

ਕਿਸੇ ਦੀ ਜੇ ਸਹਿਨਸ਼ੀਲਤਾ ਵੇਖਣੀ ਹੋਵੇ
ਕਿਸੇ ਹੋਰ ਨਾਮ ਨਾਲ ਪੁਕਾਰ ਕੇ ਵੇਖੋ
ਬਲਦੀ ਤੇ ਫਿਰ ਪਾਣੀ ਨਾ ਪਾਓ
ਪਾਣੀ-ਪਾਣੀ ਕਹਿ ਕੇ ਬੱਸ ਪੁਚਕਾਰ ਕੇ ਵੇਖੋ।

ਚਾਅ ਤਾਂ ਜਿੱਤ ਦਾ ਪੂਰਾ ਉਦੋਂ ਚੜ੍ਹਦਾ
ਜੇ ਖ਼ੁਦ ਕਦੇ ਪਹਿਲਾਂ ਹਾਰ ਕੇ ਵੇਖੋ।
ਆਪਣੀ ਸਿਆਣਪ ਦਾ ਵੀ ਪਤਾ ਲੱਗ ਜਾਂਦਾ
ਗੁੱਸੇ 'ਚ ਖ਼ੁਦ ਨੂੰ ਵੀ ਵੰਗਾਰ ਕੇ ਵੇਖੋ।

ਜੋ ਨੌਂ ਮਹੀਨੇ ਕੁੱਖ 'ਚ ਚੁੱਕ ਕੇ ਰੱਖਦੀ
ਉਸ ਮਾਂ ਦੀ ਬੁੱਕਲ ਸਹਾਰ ਕੇ ਵੇਖੋ
ਫਿਰ ਕਈ ਮਹੀਨੇ ਕੁੱਛੜ ਚੁੱਕੀ ਫਿਰਦੀ
ਉਸ ਮਾਂ ਤੋਂ ਵੀ ਕੁੱਝ ਵਾਰ ਕੇ ਵੇਖੋ।

ਬਾਪੂ ਦਾ ਹੱਥ ਤਾਂ ਸਦਾ ਸਿਰਾਂ 'ਤੇ ਰਹਿੰਦਾ
ਪਰ ਬੰਦਾ ਖੱਲ੍ਹ ਖੂੰਜਿਆਂ 'ਚ ਵੜ-ਵੜ ਬਹਿੰਦਾ
ਪਹਿਲਾਂ ਪੱਕਾ ਪਤਾ ਕਰੋ ਰੱਬ ਦਾ ਨਾਉਂ ਕੀ ਏ
ਓਨੀਂ ਦੇਰ ਮਾਂ-ਪਿਓ ਦਾ ਨਾਂ ਉਚਾਰ ਕੇ ਵੇਖੋ।

## ਸਲਾਖਾਂ

ਇਹ ਦੰਦਾਂ ਦੀਆਂ ਸਲਾਖਾਂ ਪਿੱਛੇ
ਕੈਦ ਨਾ ਕਰ ਜੀਭ ਮੇਰੀ
ਦੋ ਲਫਜ਼ ਦੇ ਬੋਲਣ ਨੂੰ
ਕਿਸੇ ਦੀ ਤਾਰੀਫ ਦੇ

ਹਰ ਸ਼ੈਅ ਆਪਣਾ-ਪਣ ਹੋਵੇ
ਨਜ਼ਰ ਸਭ ਨੂੰ ਅਪਣਾ ਲਵੇ
ਲਫਜ਼ ਹੀ ਬੇਗਾਨਾ ਕੱਟ ਦੇ
ਨਾਲ ਕੱਟ ਸਭ ਸ਼ਰੀਕ ਦੇ

ਕਦੋਂ ਆਉਣਗੇ ਹੱਥਾਂ 'ਚ ਹੱਥ
ਕਦੋਂ ਪਏਗੀ ਗਲ਼ਵੱਕੜੀ
ਰਾਹਾਂ ਨੂੰ ਤੱਕ ਰਹੇ ਨੇ
ਖਿਆਲ ਮੇਰੀ ਉਡੀਕ ਦੇ।

## ਮਹਾਂਵੀਰ

ਸਵਾਲ ਕਰ
ਸਵਾਲ ਵਿੱਚੋਂ
ਸਵਾਲ ਕਰਨ ਵਾਲੇ ਨੂੰ ਲੱਭ

ਇਸ ਨੂੰ ਲੱਭ
ਉਸ ਨੂੰ ਲੱਭ
ਜਿੱਥੇ ਮਰਜ਼ੀ
ਜਿਸਨੂੰ ਲੱਭ
ਪਰ
ਲਗਨ ਲਾ ਕੇ
ਮਗਨ ਹੋ ਕੇ
ਜਾਂ
ਤੜਫ ਤੜਫ
ਤੜਫ ਕੇ
ਨਗਨ ਹੋ ਜਾ
ਨਗਨ ਹੋ ਕੇ
ਨਗਨ ਕਰਨ ਵਾਲਾ
ਮਹਾਂਵੀਰ ਵਰਗਾ
ਅੰਦਰੋਂ ਵੀ ਕੋਈ
ਮਹਾਂਵੀਰ ਲੱਭ ।

# ਮਨ

ਕਦੇ ਕਦੇ ਬੜਾ ਹੀ ਮਨ ਕਰਦਾ ਏ
ਕਿ ਪੰਛੀ ਵਾਂਗ ਉਡਾਰੀ ਮਾਰਾਂ
ਫਿਰ ਸੋਚਦਾ, ਜਿੰਨੀਆਂ ਉਡਾਰੀਆਂ ਮਨ ਮਾਰਦੇ
ਇੰਨੀਆਂ ਤਾਂ ਪੰਛੀ ਵੀ ਨਹੀਂ ਮਾਰਦੇ।

ਹਊਮੇਂ ਹੋਵੇ ਤਾਂ ਮੈਂ ਜਿੱਤਣ ਜਾਂਦਾ ਹਾਂ
ਈਰਖਾ ਹੋਵੇ ਤਾਂ ਮੈਂ ਹਰਾਉਣ ਜਾਂਦਾ ਹਾਂ
ਖੇਡਣ ਤਾਂ ਮੈਂ ਕਦੇ ਗਿਆ ਹੀ ਨਹੀਂ
ਹੋਰ ਹੀ ਫਲਸਫੇ ਨੇ ਮੇਰੀ ਜਿੱਤ ਹਾਰ ਦੇ।

ਬੱਸ ਹੁਣ ਸ਼ਾਂਤ ਹੋ ਜਾਣਾ ਚਾਹੁੰਦਾ ਹਾਂ
ਤੇ ਮੌਨ ਹੋ ਜਾਣਾ ਚਾਹੁੰਦਾ ਹਾਂ
ਪਰ ਕੀ ਕਰਾਂ ਮੌਨ ਹੋਣ ਦੇ ਖਿਆਲ ਹੀ
ਮੌਨ ਕਰਕੇ, ਅੰਦਰੋਂ ਨੇ ਮੈਨੂੰ ਲਲਕਾਰਦੇ।

ਕੁੱਝ ਆਪਣੇ ਨੇ ਤੇ ਬਹੁਤੇ ਪਰਾਏ ਨੇ
ਇੰਨੇ ਸਾਰੇ ਲੋਕੀਂ ਕਿਹੜੇ ਪਿੰਡੋਂ ਆਏ ਨੇ
ਆਪਣਿਆਂ ਪਰਾਇਆਂ ਦੀ ਝੱਟ ਕਾਣੀ ਵੰਡ ਕਰਾਂ
ਲੰਘਦਾ ਹਾਂ ਜਦੋਂ ਮੈਂ ਵਿੱਚ ਬਾਜ਼ਾਰ ਦੇ।

❦❦

## ਮਹਾਂਯੱਗ

ਕਿਉਂ
ਅੱਗ 'ਚ
ਸੁੱਟਦੇ ਓ
ਇਹਨੂੰ ਅੱਗ ਤੇ
ਪਕਾਓ

ਕੋਈ ਢਿੱਡੋਂ
ਭੁੱਖਾ ਏ
ਲੋੜਵੰਦ ਨੂੰ
ਖਵਾਓ

ਬਹੁਤ ਨੇ
ਜਿਨ੍ਹਾਂ ਅੰਦਰ
ਭੁੱਖ ਦੀ ਅੱਗ
ਬਲਦੀ ਏ
ਉਥੇ ਵੀ
ਜਾ ਕੇ ਕਦੇ
ਯੱਗ
ਸੰਪੂਰਨ ਕਰਾਓ।

## ਸੂਈ ਧਾਗਾ

ਪਹਿਲਾਂ
ਸੂਈ ਦੇ ਨੱਕੇ 'ਚੋਂ
ਇੱਕ ਧਾਗਾ ਲੰਘਦਾ ਏ
ਫਿਰ ਕਿਤੇ ਜਾ ਕੇ ਸੂਈ
ਉਧੜਿਆਂ ਹੋਇਆਂ 'ਚੋਂ ਲੰਘਦੀ ਏ

ਇਹ ਸਰੀਰ ਵੀ ਇੱਕ
ਸੂਈ ਹੀ ਏ
ਇਸ ਵਿੱਚ ਇਨਸਾਨੀਅਤ ਦਾ ਧਾਗਾ
ਪਰੋ ਕੇ ਰੱਖੋ

ਜਿੱਥੇ ਕਿੱਥੇ
ਉਧੜਿਆ ਪਾਟਿਆ
ਨਜ਼ਰ ਆਵੇ
ਤੁਰੰਤ ਲੰਘ ਜਾਵੋ।

## ਆਈਂ ਜੀ ਸਦਕੇ

ਕਦੇ ਉਹ ਵੀ ਸਮਾਂ ਸੀ
ਜਦ ਬੂਹੇ ਤੇ
ਛੱਡਣ ਆਏ ਮਹਿਮਾਨ ਨੂੰ
ਲੋਕੀ ਅਕਸਰ ਕਹਿ ਦਿੰਦੇ ਸਨ

ਪਹੁੰਚ ਕੇ
ਟੈਲੀਫੋਨ ਕਰ ਦੇਵੀਂ

ਹੁਣ ਆਹ ਸਮਾਂ ਏ
ਕਿ ਮਹਿਮਾਨ ਨੂੰ ਆਉਣ ਤੋਂ ਪਹਿਲਾਂ ਕਹਿੰਦੇ ਨੇ

ਆਈਂ ਜੀ ਸਦਕੇ
ਪਰ ਆਈਂ ਪਹਿਲਾਂ
ਟੈਲੀਫੋਨ ਕਰਕੇ।

## ਤਾਰੇ ਵਿਦਾ ਹੋ ਗਏ

ਹੱਥਾਂ 'ਚ ਲੈ ਕੇ ਆਏ ਸੀ ਉਹ ਮਸ਼ਾਲਾਂ ਜਗਦੀਆਂ
ਗਵਾਹ ਸਨ ਉਹ ਆਖ਼ਰੀ ਜਿੱਥੇ ਖ਼ੂਨੀ ਨਦੀਆਂ ਵਗਦੀਆਂ
ਫੈਸਲੇ ਦੀ ਤਾਰੀਕ ਹੀ ਇੰਨੀ ਲੰਮੀ ਪੈ ਗਈ
ਹੱਕਾਂ ਦੀ ਉਡੀਕ 'ਚ ਅੰਤ ਸਹਾਰੇ ਵਿਦਾ ਹੋ ਗਏ।

ਕੰਨ ਸੁਣਨੋਂ ਗਏ ਤੇ ਨਜ਼ਰਾਂ ਵੇਖਣੋਂ ਗਈਆਂ
ਅੱਗ ਦਾ ਸੇਕ ਹੁਣ ਹੱਡੀਆਂ ਵੀ ਸੇਕਣੋਂ ਗਈਆਂ
ਅੱਖੀਆਂ ਦੇ ਵਿੱਚ, ਦੁੱਖਾਂ ਦੇ ਮੈਂ ਵਹਿੰਦੇ ਵੇਖੇ ਝਰਨੇ
ਪੂੰਝ ਪੂੰਝ ਥੱਕ ਗਏ ਉਹ ਸਾਰੇ ਵਿਦਾ ਹੋ ਗਏ।

ਚੱਪੂ ਨਹੀਂ ਸਨ ਬੇੜੀ ਵਿੱਚ, ਹੱਥਾਂ ਨਾਲ ਚਲਾਉਂਦੇ ਰਹੇ
ਹੰਝੂ ਵੀ ਖਾਰੇ ਖਾਰੇ ਪਲਕਾਂ ਨਾਲ ਹਟਾਉਂਦੇ ਰਹੇ
ਕੀ ਦੋਸ਼ ਨਦੀ ਦਾ, ਸਾਰਾ ਦੋਸ਼ ਹੀ ਬਦੀ ਦਾ
ਅੰਤ ਨੂੰ ਉਹ ਪਲਕਾਂ ਦੇ ਵੀ ਕਿਨਾਰੇ ਵਿਦਾ ਹੋ ਗਏ।

ਫ਼ੈਸਲੇ ਦੀ ਘੜੀ ਆਈ ਤੇ ਫ਼ੈਸਲਾ ਸੁਣਾਇਆ ਗਿਆ
ਦਰਬਾਰੀ ਨੂੰ ਆਖ ਕੇ ਉਹਨਾਂ ਨੂੰ ਬੁਲਾਇਆ ਗਿਆ
ਕਾਲੀਆਂ ਦਾੜ੍ਹੀਆਂ ਦੇ ਸੀ ਵਾਲ ਚਿੱਟੇ ਹੋ ਗਏ
ਬਜ਼ੁਰਗ ਚਿਹਰੇ ਪਰ ਹੱਕਾਂ ਲਈ ਕਿਸੇ ਹੋਰ ਦਰਬਾਰੇ ਵਿਦਾ ਹੋ ਗਏ।

ਉਹ ਫਿਰ ਆਏ ਇੱਕ ਵਾਰ ਚੰਨ ਦੀ ਗਵਾਹੀ ਲੈ ਕੇ
ਕੁਝ ਸਫ਼ੈਦ ਕਾਗਜ਼ ਤੇ ਨਾਲ ਕਾਲੀ ਸਿਆਹੀ ਲੈ ਕੇ
ਲਿਖਾਰੀ ਤੇ ਲਿਖਾਰੀ ਦੀ, ਪਰ ਕਲਮ ਘੂਕ ਸੁੱਤੀ ਰਹੀ
ਸਵੇਰ ਪਈ ਕੀ ਵੇਖੀ ਤਾਂ ਉਹ ਤਾਰੇ ਵਿਦਾ ਹੋ ਗਏ।

## ਸ਼ਹਿਰੀ

ਦਿਨ ਵੇਲੇ ਵੀ ਕੁੰਡੀ
ਖੋਲ੍ਹਣ ਤੋਂ ਪਹਿਲਾਂ ਪੁੱਛਣਾ
ਬਈ ਕੌਣ ਏ ਤੂੰ
ਪੱਕਾ ਸ਼ਹਿਰੀ ਬਣਾ ਦਿੱਤਾ।

ਆਵਾਜ਼ ਨਾ ਪਛਾਣੀ ਸਾਡੀ
ਨਾਉਂ ਲੈ ਕੇ ਦੱਸਿਆ
ਐਨੀ ਛੇਤੀ ਭੁੱਲ ਗਿਆ
ਸਾਡਾ ਮਜ਼ਾਕ ਉਡਾ ਦਿੱਤਾ।

ਮੈਂ ਤਾਂ ਤੁਰਿਆ ਪਿੰਡੋਂ
ਦੁੱਧ ਮੱਖਣ ਲੈ ਕੇ
ਤੂੰ ਘਿਓ ਦਾ ਮੁੱਲ
ਲੱਸੀ ਭਾਅ ਚੁਕਾ ਦਿੱਤਾ।

ਅਸੀਂ ਸੱਥਾਂ ਵਿੱਚ ਬੈਠਦੇ
ਤੂੰ ਬਜ਼ਾਰਾਂ 'ਚ ਘੁੰਮਦਾ
ਲੱਗਦਾ ਨਾਈਟ ਕਲੱਬਾਂ ਨੇ
ਬਰੋਟੇ ਨੂੰ ਭੁਲਾ ਦਿੱਤਾ।

ਤੇਰੇ ਉਹ ਹਰੇ ਖੇਤ
ਤੈਨੂੰ ਉਡੀਕਦੇ ਰਹਿੰਦੇ ਨੇ
ਪਹਿਲਾਂ ਹੀ ਰੋਂਦਿਆਂ ਨੂੰ
ਤੂੰ ਹੋਰ ਰਵਾ ਦਿੱਤਾ।

ਪਿੰਡ 'ਚ ਰਹਿੰਦਾ ਸੀ
ਸਿੱਧਾ ਰਸੋਈ ਵਿੱਚ ਵੜਨਾ
ਤੇਰੇ ਘਰ ਆਇਆ, ਤੂੰ
ਡਰਾਇੰਗ ਰੂਮ 'ਚ ਬਿਠਾ ਦਿੱਤਾ

ਬੱਲੇ ਓ ਵੱਡਿਆ ਸ਼ਹਿਰੀਆ
ਸਦਕੇ ਜਾਵਾਂ ਤੇਰੇ ਤੇ
ਸਾਨੂੰ ਪੇਂਡੂ ਸਮਝ ਕੇ
ਕਿਹੋ ਜਿਹਾ ਸਿਲਾ ਦਿੱਤਾ।

## ਅਰਥ

ਜਿਸ ਅਰਥਾਂ ਤੋਂ ਉਹ ਗੱਲ ਕਹੀ ਗਈ
ਸੁਣਨ ਵਾਲਿਆਂ ਨੇ
ਅੱਗੋਂ ਓਨੇ ਹੀ ਅਰਥ ਕੱਢ ਲਏ
……
ਅਰਥਾਂ ਤੋਂ ਬਾਅਦ, ਅਰਥਾਂ ਪਿੱਛੇ
ਕਈ ਅਰਥੀਆਂ ਨਿਕਲ ਗਈਆਂ
……
ਅਰਥੀਆਂ ਨੂੰ ਵੇਖ ਕੇ
ਵੇਖਣ ਵਾਲਿਆਂ ਨੇ
ਫਿਰ ਦੁਬਾਰਾ ਆਪਣੇ-ਆਪਣੇ ਅਰਥ ਕੱਢ ਲਏ।

## ਤੁਰਦੇ ਹੋਏ

ਕਦਮਾਂ ਦਾ ਸ਼ੋਰ ਪੈ ਰਿਹਾ ਏ
ਮਨ ਨੂੰ ਚੰਗਾ ਨਹੀਂ ਲੱਗਦਾ
ਚੰਗਾ ਲੱਗੇਗਾ ਵੀ ਕਿਵੇਂ
ਕੋਈ ਚੱਲ ਰਿਹਾ ਏ
ਮੰਜ਼ਿਲ ਵੱਲ ਵਧ ਰਿਹਾ ਏ
...........
ਮੇਰੇ ਕਦਮ ਖੜ੍ਹੇ ਨੇ
ਕੋਈ ਸ਼ੋਰ ਨਹੀਂ
............
ਦੂਸਰੇ ਕਦਮ ਚੱਲ ਰਹੇ ਨੇ
ਸ਼ੋਰ ਕਰ ਰਹੇ ਨੇ
..........
ਖੜ੍ਹਿਆਂ ਹੋਇਆਂ ਨੂੰ, ਤੁਰਦੇ ਹੋਏ
ਕਿੱਥੇ ਚੰਗੇ ਲੱਗਦੇ ਨੇ।

## ਕੁਦਰਤ ਨੂੰ ਨਮਸਕਾਰ

ਇੱਕ ਸਵੇਰ
ਇੱਕ ਦਰਖਤ ਨੇ

ਪਰਮਾਤਮਾ, ਕੁਦਰਤ ਨੂੰ

ਨਮਸਕਾਰ
ਕਰਨ ਲਈ
ਟਾਹਣੀਆਂ ਤੇ ਲੱਗੀਆਂ
ਕਲੀਆਂ ਨੂੰ
ਫੁੱਲਾਂ ਵਿੱਚ ਬਦਲ ਲਿਆ

ਕੁਝ ਦੇਰ ਬਾਅਦ
ਕਿਸੇ ਨੇ
ਉਹਨਾਂ ਫੁੱਲਾਂ ਨੂੰ ਤੋੜ ਲਿਆ
ਖੌਰੇ
ਕਿਸਨੂੰ
ਨਮਸਕਾਰ
ਕਰਨ ਲਈ।

## ਅੰਦਰਲੇ ਪੰਨੇ

ਬਹੁਤ ਪਲਟੇ ਨੇ
ਕਿਤਾਬਾਂ ਦੇ ਪੰਨੇ
ਹੁਣ ਤਾਂ ਮੰਨਾ

ਜੇ ਪਲਟੇਂ
ਆਪਣੇ ਅੰਦਰੋਂ ਵੀ
ਕੋਈ ਪੰਨਾ

ਵੇਖੇ ਅੰਦਰਲੇ ਹਰਫ਼
ਚੇਤਨਾਂ ਦੇ ਬਿੰਦੂ ਤੋਂ
ਚਾਰੋਂ ਤਰਫ਼

ਡਰ ਨਾ
ਕਿਧਰੇ ਨੀ ਤੂੰ ਹੁੰਦਾ
ਅੰਨ੍ਹਾ
ਅੱਗ ਤੇਰੀ ਹੀ ਬਾਲੀ ਏ
ਤੂੰ ਹੀ ਬੁਝਾਉਣੀ ਏਂ
ਹੜ੍ਹ ਆਉਣ ਦੇ
ਨੀਰਾਂ ਦਾ
ਤੋੜਕੇ
ਹੱਦਾਂ ਬੰਨਾ
ਪੂਜਣ ਨੂੰ ਜੋ ਮਰਜ਼ੀ ਪੂਜ
ਸਭ ਕੁਝ ਪੂਜਣ ਯੋਗ ਹੈ

ਪਰ
ਪੂਜਣ ਤੋਂ ਪਹਿਲਾਂ
ਯਾਦ ਰੱਖੀਂ
ਬਣਨਾ ਪੈਂਦਾ
ਭਗਤ ਧੰਨਾ।

## ਫੁੱਲਾਂ ਦੀ ਅਰਜ਼ੋਈ

ਐ ਕੋਲੋਂ ਲੰਘਦੀ ਹਵਾ ਸੁਣ
ਲੈ ਜਾ ਸਾਡੀਆਂ ਸੁਗੰਧੀਆਂ
ਇੱਥੇ ਤਾਂ ਮਾਲੀਆਂ ਨੇ ਹੀ
ਸਾਡੇ ਤੇ ਲਾਈਆਂ ਨੇ ਪਾਬੰਦੀਆਂ

ਸਲਾਮ ਆਖਦੇ ਹਾਂ ਆਖ਼ਰੀ
ਚੜ੍ਹੇ ਸੂਰਜ ਲੰਘੀ ਪੌਣ ਨੂੰ
ਫੁੱਲਾਂ ਦਾ ਵਪਾਰੀ ਆ ਗਿਆ
ਗਿੱਠ ਛੱਡ ਕੇ ਤੋੜੇ ਡੰਡੀਆਂ

ਦੋ ਸ਼ਬਦ ਨੇ ਜੀ ਆਇਆਂ ਨੂੰ
ਬੋਲ ਕੇ ਵੀ ਆਖ ਸਕਦੇ
ਸਾਡਾ ਜਨਾਜ਼ਾ ਹੱਥਾਂ 'ਚ ਰੱਖ ਕੇ
ਖੁਸ਼ਆਮਦੀਦ ਆਖਦੇ ਨੇ ਬੰਦੇ ਬੰਦੀਆਂ

ਅਸੀਂ ਮਹਿਕਣ ਲਈ ਨਹੀਂ
ਬੱਸ ਤੋੜਨ ਨੂੰ ਲਾਏ ਹਾਂ
ਫੁੱਲਦਾਨ ਵਿੱਚ ਦਮ ਤੋੜਾਂਗੇ
ਕੋਈ ਘੁੱਟੇਗਾ ਜਦ ਸੰਘੀਆਂ

ਸਾਨੂੰ ਵੀ ਇੱਕ ਚਾਅ ਏ
ਨੱਚਦੀਆਂ ਆਉਣ ਤਿੱਤਲੀਆਂ
ਪਰ ਇੱਥੇ ਤਾਂ ਸਾਡੇ ਚਾਅ ਹੀ
ਵੱਢਦੇ ਨੇ ਸਾਨੂੰ ਦੰਦੀਆਂ

ਬੇਹੋਸ਼ੇ ਜਿਹੇ ਹੋ ਕੇ ਹੁਣ
ਚੱਲੇ ਆਂ ਕਿੱਸੇ ਮੰਡੀ ਵਿੱਚ
ਗੱਠਾਂ ਵਿੱਚ ਪਾਈਆਂ ਨੇ ਜੱਫੀਆਂ
ਇੱਕ ਦੂਜੇ ਲਈ ਦੁਆਵਾਂ ਮੰਗੀਆਂ

## ਗੁਰੂ

ਆ ਲੱਭੀਏ
ਵਰਤਮਾਨ ਦਾ ਕਿਨਾਰਾ

ਹੌਲੀ-ਹੌਲੀ
ਇੱਕ ਪਲ ਤੋਂ
ਅਗਲੇ ਪਲ ਤੱਕ

ਪਲਕਾਂ ਦੀ ਝਪਕ ਤੋਂ
ਅਗਲੀ ਝਪਕ ਤੱਕ

ਪਲ ਪਲ ਦਾ
ਗਵਾਹ ਲੱਭੀਏ
ਰੰਗੀਨ ਕੋਈ
ਰਾਹ ਲੱਭੀਏ

ਕਿਤੇ ਰੁੜ੍ਹ ਨਾ ਜਾਈਏ
ਅਤੀਤ ਅਤੇ ਭਵਿੱਖ ਵਿੱਚ

ਆ
ਸ਼ਾਂਤ ਜਿਹੇ ਸੁਭਾਅ ਦਾ
ਕੋਈ
ਮਲਾਹ ਲੱਭੀਏ

## ਜ਼ਮੀਰ

ਬੇਈਮਾਨਾਂ ਨੇ ਮੈਨੂੰ ਜ਼ਮੀਰ ਮਾਰਨ ਲਈ ਕਿਹਾ ਏ
ਪਰ ਮੇਰੇ ਸੰਸਕਾਰਾਂ ਨੇ ਮੁੱਲ ਤਾਰਨ ਲਈ ਕਿਹਾ ਏ

ਛੱਪੜ ਨੂੰ ਕਿਸ ਤਰ੍ਹਾਂ ਸਾਗਰ ਤੱਕ ਲੈ ਜਾਵਾਂ
ਖੂਹ ਨੂੰ ਕਿਵੇਂ ਮੈਂ ਗਾਗਰ ਤੱਕ ਲੈ ਜਾਵਾਂ

ਚੋਰ ਤੇ ਚੌਕੀਦਾਰ ਹੁਣ ਪਿਉ ਪੁੱਤ ਨਿਕਲੇ ਨੇ
ਚੀਕਣ ਵਾਲੇ ਨਿਰੇ ਹੁਣ ਪੱਥਰ ਬੁੱਤ ਨਿਕਲੇ ਨੇ

ਪੁੱਠਾ ਜਿਹਾ ਜ਼ਿੰਦਗੀ ਨੇ ਮੈਥੋਂ ਸਵਾਲ ਪੁੱਛਿਆ ਏ
ਜਿਉਂ ਮਾਰਨ ਵੇਲੇ ਕਸਾਈ ਨੇ ਹਾਲ-ਚਾਲ ਪੁੱਛਿਆ ਏ

ਇਨਕਲਾਬ ਦਾ ਨਾਅਰਾ ਬੜੀ ਉੱਚੀ ਲਾਇਆ ਸੀ
ਪਰ ਜ਼ਿੰਦਾਬਾਦ ਦਾ ਜਵਾਬ ਹੌਲੀ ਦੇਣੇ ਆਇਆ ਸੀ।

## ਅਖ਼ਬਾਰ

ਕੁੱਝ ਅੱਗ ਨੂੰ ਵੇਖਣ ਲਈ
ਕੁੱਝ ਸੇਕਣ ਲਈ ਖੜ੍ਹ ਰਹੇ
ਅਸੀਂ ਵੀ ਉਹੀ ਲੋਕ ਹਾਂ
ਜੋ ਨਿੱਤ ਅਖ਼ਬਾਰ ਪੜ੍ਹ ਰਹੇ।

ਲੁੱਟਾਂ ਖੋਹਾਂ ਤੇ ਲੜਾਈ ਝਗੜੇ
ਹਰ ਸਫ਼ੇ ਨੇ ਬੰਦੇ ਰਗੜੇ
ਪਰ ਪਹਿਲਾਂ ਇਨ੍ਹਾਂ ਨੂੰ ਹਟਾਵਾਂ
ਅਖ਼ਬਾਰ ਪੜ੍ਹਨ ਪਿੱਛੇ ਜੋ ਲੜ ਰਹੇ।

ਬਚਦੇ ਨੇ ਥਾਣਿਆਂ ਕਚਹਿਰੀਆਂ ਤੋਂ
ਕਿਤੇ ਨਾਮ ਬਦਨਾਮ ਨਾ ਹੋ ਜਾਵੇ
ਪਰ ਕਈ ਨਾਮ ਚਮਕਾਉਣ ਲਈ
ਜਾਣ ਬੁੱਝ ਕੇ ਜੇਲ੍ਹਾਂ 'ਚ ਵੜ ਰਹੇ।

ਕਿਸੇ ਦਾ ਦੁੱਖ ਕਿਸੇ ਦਾ ਹਾਸਾ
ਸਵੇਰ ਦੀ ਚਾਹ ਨਾਲ ਵੇਖਲੋ ਤਮਾਸ਼ਾ
ਪਾਠ ਦਾ ਭੋਗ ਅੰਤਿਮ ਅਰਦਾਸਾਂ
ਹਰ ਪੇਜ਼ ਤੋਂ ਪੱਤੇ ਝੜ ਰਹੇ।

## ਚੇਤਨਾ

ਮਨ ਦੇ ਬਾਜ਼ਾਰ ਵਿੱਚ
ਖਿਆਲਾਂ ਦੀ ਬੜੀ ਭੀੜ ਏ

ਡਿੱਗਦੀ
ਫਿਰ ਉੱਠ ਖੜ੍ਹਦੀ

ਫਸ ਫਸ ਕੇ
ਲੰਘਦੀ ਏ ਮੇਰੀ
ਚੇਤਨਾ

ਤੁਰੇ ਆਉਂਦੇ ਸਾਹਮਣਿਓਂ
ਮੇਰੇ ਆਪਣੇ ਹੀ
ਕਿਰਦਾਰਾਂ 'ਚੋਂ।

## ਤੂੰ ਨਾ ਜ਼ਿਆਦਾ ਬੋਲ

ਤੂੰ ਨਾ ਜ਼ਿਆਦਾ ਬੋਲ
ਨਾ ਇਹਨਾਂ ਨੂੰ ਸਮਝਾ
ਤੂੰ ਕੱਲਾ ਤੇ ਉਹ ਭੀੜ
ਜ਼ਰਾ ਤੱਕ ਤਾਂ ਅੱਖਾਂ ਵੱਲ।

ਮੰਨਦਾ ਹਾਂ ਤੇਰੇ ਅੰਦਰ ਵੀ
ਇਸਤੋਂ ਵੱਡੀ ਭੀੜ ਹੈ
ਪਰ ਤੇਰੇ ਸਭ ਸਵਾਲਾਂ ਦਾ
ਇਨ੍ਹਾਂ ਕੋਲ ਨਹੀਂ ਕੋਈ ਹੱਲ।

ਤੇਰਾ ਕਰਮ ਤੇਰਾ ਧਰਮ
ਪਰ ਇੱਥੇ ਸਵਾਲ ਰੋਟੀ ਦਾ
ਭੁੱਖੇ ਭਾਣੇ ਬੰਦੇ ਨੂੰ ਨਹੀਂ
ਸੁੱਝਦੀ ਰੱਬ ਦੀ ਗੱਲ।

ਬੰਦ, ਹੜਤਾਲਾਂ, ਧਰਨੇ, ਮੁਜ਼ਾਹਰੇ
ਇਹ ਇਨ੍ਹਾਂ ਦੇ ਹਥਿਆਰ ਨੇ
ਗੂੰਗੇ ਨੂੰ ਰੋਟੀ ਕੌਣ ਦਿੰਦਾ
ਇਹ ਤਾਂ ਕਰਨਾ ਪੈਂਦਾ ਮੱਲ।

ਬੱਸ ਵੇਖ ਤਮਾਸ਼ਾ ਜਗਤ ਦਾ
ਇਹ ਢਿੱਡੋਂ ਮੂੰਹ ਨੂੰ ਆਈਆਂ
ਜੋ ਕਰੇਗਾ ਸੋ ਭਰੇਗਾ
ਜ਼ਿੰਦਗੀ ਆਖੇ ਚੱਲ ਚਲਾ ਚੱਲ।

ਅੱਜ ਲੱਗੀ ਹੋਈ ਅੱਗ ਨੂੰ
ਅੱਗ ਬੁਝਾਉਣ ਚੱਲੀ ਏ
ਬਹੁਤਾ ਪਾਣੀ ਜਿਹਾ ਨਾ ਪੁੱਛ
ਚੁੱਪ ਕਰਕੇ ਬਣਜਾ ਮਾਰੂਥਲ।

ਤੂੰ ਇਨ੍ਹਾਂ ਨੂੰ ਕੀ ਸਮਝਾਉਣਾ
ਘਰੇ ਤੂੰ ਵੀ ਹੁਕਮਰਾਨ ਏਂ
ਜਦੋਂ ਨਿਆਣੇ ਹੜਤਾਲ ਕਰਦੇ ਨੇ
ਉਦੋਂ ਕਿਉਂ ਕਰਦਾ ਹੁੰਨਾਂ ਹਲਹਲ।

## ਪਹੇਲੀ

ਅੱਜ ਮੈਂ
ਤੇਰੇ ਵੱਲ ਵੇਖਿਆ ਏ
ਜਾਂ ਫਿਰ
ਤੂੰ ਮੇਰੇ ਵੱਲ ਵੇਖਿਆ ਏ

ਜਾਂ ਫਿਰ
ਕਿਸੇ ਨੇ ਅੱਜ
ਸ਼ੀਸ਼ਾ ਬੜੇ ਗ਼ੌਰ ਨਾਲ ਵੇਖਿਆ ਏ

ਹੁਣ ਪਹੇਲੀ ਤਾਂ
ਏਹ ਬਣੀ ਏ

ਕਿ
ਕਿਸਨੇ
ਕਿਸ 'ਚੋਂ
ਕਿਸਨੂੰ
ਵੇਖਿਆ ਏ।

## ਸਮੇਂ ਦਾ ਗੇੜ

ਆਪਣੇ ਕੰਮ ਤੋਂ ਲੋਕੀ ਭੱਜਦੇ ਵੇਖੇ
ਹੋਰਾਂ ਦਾ ਕੰਮ ਸਾਨੂੰ ਮਿਲ ਜਾਵੇ
ਇੱਕ ਦੂਜੇ ਨਾਲ ਕਈ ਲੜਦੇ ਵੇਖੇ।

ਕੋਲਿਆਂ ਵਰਗੇ ਸ਼ਬਦ ਪਿੱਠ ਤੇ ਚੁੱਕੀ
ਮੂੰਹ ਸਿਰ ਕਾਲੇ ਹੁੰਦੇ ਵੇਖੇ
ਤੇ ਅੱਗ 'ਚ ਕਈ ਸੜਦੇ ਵੇਖੇ।

ਰਾਜਨੀਤੀ ਜਿਨ੍ਹਾਂ ਲਈ ਸਭ ਕੁੱਝ ਸੀ
ਲੋਥਾਂ ਦੇ ਵੱਗਦੇ ਦਰਿਆਵਾਂ ਵਿੱਚੋਂ
ਉਸ ਵੇਲੇ ਵੀ ਮੱਛੀਆਂ ਫੜਦੇ ਵੇਖੇ।

ਰਿਸ਼ਤਿਆਂ, ਨਾਤਿਆਂ ਦੀ ਜਦ ਤੰਦ ਟੁੱਟੀ
ਔਖੀ ਘੜੀ 'ਚ ਉਸ ਵੇਲੇ ਮੈਂ
ਯਾਰ ਬੇਲੀ ਹੀ ਸੰਗ ਖੜ੍ਹਦੇ ਵੇਖੇ।

ਵੱਡੇ ਹੋ ਗਏ ਲੱਗਦਾ ਸਿਆਣੇ ਹੋ ਗਏ
ਤਰਕ ਦੀ ਨਵੀਂ ਇਹ ਪੀੜ੍ਹੀ ਵਾਲੇ
ਕੁੱਖੋਂ ਜੰਮੇ ਹੀ ਮੂਹਰੇ ਅੜਦੇ ਵੇਖੇ।

ਚੰਗੀ ਸੇਧ ਹੀ ਸਮੇਂ ਦਾ ਗੇੜ ਹੁੰਦੀ
ਮੈਂ ਹੱਥਾਂ ਵਿੱਚ ਤਲਵਾਰਾਂ ਵਾਲੇ
ਇੱਕ ਦਿਨ ਇਲਮ ਕਿਤਾਬਾਂ ਪੜ੍ਹਦੇ ਵੇਖੇ।

## ਮੁਹਾਵਰੇ

‘ਦੋ ਬੇੜੀਆਂ ਤੇ ਪੈਰ ਨਹੀਂ ਰੱਖੀਦੇ’
ਇਹ ਮੁਹਾਵਰਾ, ਇਕ ਨੇਤਾ ਜੀ ਸਮਝਾ ਰਹੇ ਸਨ
ਗੱਲਾਂ ਦੀਆਂ ਗੰਢਾਂ ਖੋਲ੍ਹ ਰਹੇ ਸਨ
ਪਤਾ ਨਹੀਂ ਸੁਲਝਾ ਰਹੇ ਸਨ
ਜਾਂ ਉਲਝਾ ਰਹੇ ਸਨ
ਕੁਝ ਦਿਨਾਂ ਬਾਅਦ ਉਹਨਾਂ ਦੀ ਦੋਗਲੀ ਨੀਤੀ ਫੜੀ ਗਈ
ਸਾਰੇ ਕਹਿੰਦੇ ਆਹ ਕੀ
ਕਹਿਣੀ ਹੋਰ ਤੇ ਕਰਨੀ ਹੋਰ
ਕਿਹੜਾ ਸਾਧ ਤੇ ਕਿਹੜਾ ਚੋਰ
ਪਰ ਚੋਰਾਂ ਨੂੰ
ਹੁਣ ਪੈ ਗਏ ਮੋਰ

ਨੇਤਾ ਜੀ ਕਹਿੰਦੇ
ਨਹੀਂ ਨਹੀਂ ਭਾਈ
ਬੇੜੀ ਤਾਂ ਦੋ ਚੱਪੂਆਂ ਨਾਲ ਹੀ ਚੱਲਦੀ ਏ

ਕੀ ਕਰਾਂ
ਮੁਹਾਵਰੇ ਹੀ ਇੰਨੇ ਨੇ
ਕਿਸੇ ਮੁਹਾਵਰੇ ਵਿੱਚ ਤਾਂ ਫਿੱਟ ਬੈਠਣਾ ਹੀ ਪੈਂਦਾ ਏ
ਬੱਸ ਬੰਦਾ ‘ਐਡਜਸਟ’ ਕਰਜੇ
ਸਾਨੂੰ ਤਾਂ ਬਹੁਤ ਕੁਝ ਕਹਿਣਾ ਪੈਂਦਾ ਏ।

## ਬਹਾਨਾ

ਜੇ ਮੈਂ ਪਹਿਲਾਂ
ਆਪਣੇ ਆਪ ਨੂੰ ਨਾ ਜਾਣ ਸਕਿਆ

ਕੀ
ਮੈਂ ਤੈਨੂੰ
ਜਾਣ ਸਕਦਾ ਹਾਂ

ਜਾਂ ਫਿਰ ਜੇ
ਤੈਨੂੰ ਜਾਨਣ ਦੀ ਚੇਸ਼ਠਾ ਕਰਾਂ

ਤਾਂ ਹੀ ਆਪਣੇ ਆਪ ਨੂੰ ਜਾਣ ਸਕਦਾ ਹਾਂ

ਜਾਂ
ਆਪਣੇ ਆਪ ਨੂੰ ਜਾਨਣ ਲਈ
ਤੈਨੂੰ ਜਾਨਣਾ ਇਕ ਬਹਾਨਾ ਏ
ਜਾਂ ਫਿਰ
ਸਭ ਕੁਝ ਤੈਨੂੰ ਹੀ ਜਾਨਣਾ ਏ
ਆਪਣਾ ਆਪ ਤਾਂ ਇੱਕ
ਬਹਾਨਾ ਏ।

## ਤੂੰ ਮੇਰੇ ਲਈ ਏ

ਜਿਸ ਦਿਨ ਉਸਨੇ
ਬੜੇ ਸ਼ਾਂਤ ਜਿਹੇ ਮਨ ਨਾਲ
ਸਾਰੀ ਸ੍ਰਿਸ਼ਟੀ ਨੂੰ ਕਿਹਾ
ਤੂੰ ਮੇਰੇ ਲਈ ਏ
...........
ਤਾਂ ਸ਼੍ਰਿਸਟੀ ਨੇ ਵੀ
ਹੱਸਦੇ ਹੋਏ ਕਿਹਾ
ਹਾਂ
ਮੈਂ ਤੇਰੇ ਲਈ ਹਾਂ।

## ਮੀਂਹ ਕਣੀਆਂ

ਜਦ ਵੀ ਧਰਤੀ ਦਾ ਸੀਨਾ ਤੱਪਦਾ
ਉਹ ਬੱਦਲਾਂ ਤੋਂ ਛਾਲਾਂ ਮਾਰ ਦਿੰਦੀਆਂ
ਬੱਦਲਾਂ ਦਾ ਤਾਂ ਵਜੂਦ ਮਰ ਜਾਂਦਾ
ਪਰ ਉਹ ਧਰਤੀ ਦਾ ਸੀਨਾ ਠਾਰ ਦਿੰਦੀਆਂ
ਫਿਰ ਉਹ ਨਹਿਰਾਂ ਨਦੀਆਂ ਬਣ ਜਾਂਦੀਆਂ
ਬਹੁਤਿਆਂ ਕਿਨਾਰਿਆਂ ਨੂੰ ਉਹ ਨਕਾਰ ਦਿੰਦੀਆਂ
ਸਮੁੰਦਰ ਵੱਲ ਨੂੰ ਉਹ ਦੌੜ ਪੈਂਦੀਆਂ
ਦੌੜਦਿਆਂ ਮਿੱਟੀ ਦਾ ਮੁਹਾਂਦਰਾ ਸੰਵਾਰ ਦਿੰਦੀਆਂ
ਖੜ੍ਹੇ ਪਾਣੀ ਨੂੰ ਉਹ ਨਾਲ ਲੈ ਤੁਰਦੀਆਂ
ਹੌਲੀ ਤੁਰਦਿਆਂ ਨੂੰ ਕਰ ਤੇਜ਼ ਤਰਾਰ ਦਿੰਦੀਆਂ
ਕਈ ਮਛਲੀਆਂ, ਜੀਵ ਜੰਤੂ ਸੀਨੇ 'ਚ ਪਲਦੇ
ਤੇ ਉਹ ਅੰਦਰੋਂ ਰੱਜ ਕੇ ਪਿਆਰ ਦਿੰਦੀਆਂ
ਸਮੁੰਦਰ 'ਚ ਜਾ ਕੇ ਗਹਿਰੀ ਨੀਂਦ ਸੌਂਦੀਆਂ
ਪਰ ਬੱਦਲ ਬਣਕੇ ਉੱਠਣ ਨੂੰ ਤਿਆਰ ਰਹਿੰਦੀਆਂ।

❦❦

## ਕਸੂਰ

ਚੰਨ ਤਾਰਿਆਂ ਦੀ
ਰਾਤ
ਰੋਜ਼ ਆਉਂਦੀ ਏ
ਸੌਗਾਤ

ਹੁਣ
ਜੇ
ਮੈਂ ਹੀ ਸੁਵੱਖਤੇ ਸੌਂ ਗਿਆ
ਇਸ 'ਚ
ਕਸੂਰ
ਕੀ ਏ ਰਾਤ ਦਾ।

## ਮਰਦੰਗ

ਇਹ ਬੱਦਲ ਗਰਜ ਰਹੇ ਨੇ
ਲਗਦਾ ਮਰਦੰਗ ਵੱਜ ਰਹੇ ਨੇ

ਇਹ ਕਣੀਆਂ ਬਰਸ ਰਹੀਆਂ ਨੇ
ਲੱਗਦਾ ਘੁੰਗਰੂ ਵੱਜ ਰਹੇ ਨੇ

ਹਿਲਦੇ ਜੋ ਬਿਰਖਾਂ ਦੇ ਪੱਤੇ
ਇਹ ਤਾਂ ਇਨ੍ਹਾਂ ਦੇ ਪੰਖ ਨੇ
ਇਹ ਚਿੜੀਆਂ ਦੀਆਂ ਚੁੰਝਾਂ
ਇਹ ਤਾਂ ਮੂੰਹਾਂ ਤੇ ਸੰਖ ਨੇ
ਪੱਤੇ ਤੇ ਹੋਇਆ ਇਕੱਠਾ ਪਾਣੀ
ਫਿਰ ਹੇਠਾਂ ਨੂੰ ਡੁੱਲ੍ਹ ਜਾਵੇ
ਜਾਪੇ ਕੋਈ ਬੱਚਾ ਬੁੱਕ ਭਰਕੇ
ਧਰਤੀ ਦੀ ਪਿਆਸ ਰਿਹਾ ਬੁਝਾਵੇ।

## ਜਦੋਂ ਵੀ ਮਿਲੇ

ਜਦੋਂ ਵੀ ਮਿਲੇ,
ਮਿਲਕੇ ਵੀ ਨਾ ਮਿਲੇ
ਰੋਸੇ, ਸ਼ਿਕਵੇ, ਸ਼ਿਕਾਇਤਾਂ
ਸਾਥੋਂ, ਪਹਿਲਾਂ ਇੱਕ ਦੂਜੇ ਨੂੰ ਮਿਲੇ
ਤਾਅਨੇ ਮਿਹਣਿਆਂ ਨੇ ਘੁੱਟ-ਘੁੱਟ ਜੱਫੀਆਂ ਪਾਈਆਂ
ਸ਼ਿਕਾਇਤਾਂ, ਮਾਫੀਆਂ ਨੇ ਥਾਪੀਆਂ ਦਿੱਤੀਆਂ
ਉਸਨੇ ਦਾਅਵੇ ਕੀਤੇ
ਮੈਂ ਵਾਅਦੇ ਕੀਤੇ
ਫਿਰ ਦੋਹਾਂ ਨੇ
ਸਾਂਝਾ ਵਾਅਦਾ ਕੀਤਾ,
ਚੰਗਾ ਫਿਰ ਮਿਲਾਂਗੇ
ਕਹਿਕੇ
ਰਾਹੋ ਰਾਹੀ ਤੁਰ ਪਏ।

## ਗੁਜਰੇ ਪਲ

ਜਾਓ ਕੋਈ
ਗੁਜਰੇ ਪਲ
ਮੋੜ ਲਿਆਵੋ

ਚਲੋ ਛੱਡੋ
ਆਓ ਕੋਈ

ਮੈਨੂੰ ਹੀ
ਮੇਰੇ
ਗੁਜਰੇ ਹੋਏ ਪਲਾਂ 'ਚੋਂ

ਹੁਣ ਵਾਲੇ
ਪਲਾਂ ਵੱਲ ਮੋੜ ਲਿਆਵੋ

## ਬਾਗ

ਕੁਝ ਪੱਤਿਆਂ ਨੇ ਦਰਖਤ ਨੂੰ ਅਲਵਿਦਾ ਕਹੀ ਹੈ
ਹੁਣ ਹਵਾ ਦੀ ਝੱਲ ਉਡਾ ਕੇ ਲਿਜਾ ਰਹੀ ਹੈ
ਡਿੱਗਣ ਵੇਲੇ ਧਰਤੀ ਨੇ ਹਲਕੀ ਤਾਬ ਸਹੀ ਹੈ

ਮਧੂ ਮੱਖੀ ਫੁੱਲ ਮੰਦਰ 'ਚੋਂ ਪ੍ਰਸ਼ਾਦ ਲੈ ਕੇ ਆਈ ਏ
ਤਿੱਤਲੀਆਂ ਨੇ ਵੀ ਫੁੱਲਾਂ ਉੱਤੇ ਝੁਰਮਟ ਪਾਈ ਏ
ਮਾਲੀ ਦੀ ਖੁਰਪੀ ਨੇ ਜੜ੍ਹਾਂ ਨੂੰ ਹਵਾ ਲਵਾਈ ਏ

ਚਿੜੀਆਂ ਨੇ ਵੀ ਕਿਆਰੀਆਂ 'ਚੋਂ ਪਾਣੀ ਪੀਤਾ ਏ
ਗੋਲੇ ਕਬੂਤਰਾਂ ਦੇ ਖੰਭਾਂ ਨੇ ਇਸ਼ਨਾਨ ਕੀਤਾ ਏ
ਬਾਗ ਦੇ ਨਜ਼ਾਰਿਆਂ ਨੇ ਮੇਰੇ ਜ਼ਖ਼ਮ ਨੂੰ ਸੀਤਾ ਏ

ਸੈਰ ਕਰਨ ਆਏ ਨੌਜਵਾਨ ਹੁਣ ਮੁੜ ਰਹੇ ਨੇ
ਕੁਝ ਬਜ਼ੁਰਗ ਛਾਵਾਂ ਹੇਠ ਹੁਣ ਜੁੜ ਰਹੇ ਨੇ
ਤੇ ਕਈਆਂ ਨੂੰ ਬੈਠਣ ਲਈ ਥਾਂ ਥੁੜ੍ਹ ਰਹੇ ਨੇ

ਸ਼ਹਿਰ ਦੇ ਬਾਗ ਵਿੱਚ ਕੁਦਰਤ ਦੇ ਨਜ਼ਾਰੇ ਨੇ
ਖੁਸ਼ ਹੋ ਜਾਂਦੇ ਨੇ, ਜੋ ਮਨੋਂ ਬੇਸਹਾਰੇ ਨੇ
ਜਵਾਨੀ ਮਾਣ ਲੈਂਦੇ ਨੇ ਜੋ ਬੇਸ਼ੱਕ ਖੂੰਡੀ ਸਹਾਰੇ ਨੇ।

## ਯਾਦ

ਬੂਹੇ ਤੇ ਤੇਲ ਚੋਇਆ ਗਿਆ
ਜਦ ਸੀ ਤੂੰ ਘਰ ਆਇਆ
ਹੁਣ ਬੂਹੇ ਤੇ ਅੱਖਾਂ ਚੋਂਦੀਆਂ
ਦੱਸ ਕਦੋਂ ਦੁਬਾਰਾ ਆਉਣਾ।

ਰੋ-ਰੋ ਅੱਖਾਂ ਸਾਗਰ ਬਣੀਆਂ
ਤੇ ਤਾਂਘ ਕਿਸ਼ਤੀਆਂ ਵਰਗੀ
ਹੁਣ ਵੇਖਾਂ ਚਾਰ ਚੁਫੇਰਾ
ਮੇਰਾ ਕਦੋਂ ਕਿਨਾਰਾ ਆਉਣਾ।

ਹੁਣ ਸਹੁਰੇ ਜੀ ਨਹੀਂ ਲੱਗਦਾ
ਪਰ ਪੇਕੇ ਵੀ ਨਹੀਂ ਜਾਣਾ
ਅਰਮਾਨਾਂ ਪਾਈਆਂ ਪੀਂਘਾਂ
ਦੱਸ ਕਦੋਂ ਹੁਲਾਰਾ ਆਉਣਾ।

ਤੂੰ ਅੱਖਾਂ ਦੇ ਵੱਲ ਤੱਕੇ
ਸੁਰਮੇ ਦੀ ਰੜ੍ਹਕ ਵਿਖਾਵਾਂ
ਜੇ ਤੂੰ ਕੋਲ ਨਾ ਹੋਵੇਂ
ਕਾਹਦਾ ਹਾਰ ਸ਼ਿੰਗਾਰ ਲਾਉਣਾ।

## ਖਾਲੀ ਥਾਂ

ਇਹ ਖਾਲੀ ਥਾਂ
ਜਨਮ ਦੇ ਬਿੰਦੂ ਤੋਂ
ਮੌਤ ਦੇ ਬਿੰਦੂ ਤੱਕ

ਉਸਨੇ ਬਹੁਤ ਖ਼ੂਬ ਭਰੀ
ਪਰ
ਚੰਦਰੇ ਲੋਕਾਂ ਨੇ
ਜਿੰਨ੍ਹਿਆਂ ਨੇ ਪੜ੍ਹੀ
ਮਿਟਾ ਕੇ
ਆਪਣੇ ਆਪਣੇ ਢੰਗ ਨਾਲ ਭਰੀ

ਵਿਚਾਰੀ ਖਾਲੀ ਥਾਂ
ਜ਼ਿੰਦਗੀ ਭਰ ਕੀ-ਕੀ ਨਹੀਂ ਕਰਦੀ

ਪਰ ਖਾਲੀ ਥਾਂ ਭਰਨ ਵਾਲੇ
ਕਿਉਂ ਨਹੀਂ ਸੋਚਦੇ

ਕੋਈ ਉਹਨਾਂ ਦੀ ਵੀ ਭਰੇਗਾ
ਏਹ ਜ਼ੁਬਾਨ ਕੀ ਨਹੀਂ ਕਰਦੀ
ਮਿਟਾ ਕੇ ਹਮੇਸ਼ਾਂ
ਆਪਣੇ ਢੰਗ ਨਾਲ ਭਰਦੀ।

## ਅਕਸ

ਜਦ ਸੂਰਜ ਦੀ ਚਮਕ
ਤੇਰੇ ਚਿਹਰੇ ਤੇ ਪੈਂਦੀ

ਤੇਰਾ ਚਿਹਰਾ ਵੀ
ਸੂਰਜ ਵਾਂਗ ਚਮਕਦਾ

ਮੈਂ ਕਲਮ ਚੁੱਕਦਾ
ਕਾਗਜ਼ ਤੇ ਰੱਖਦਾ
ਮੈਂ ਕੋਈ ਚਿੱਤਰਕਾਰ ਨਹੀਂ

ਬੱਸ ਫਿਰ
ਸ਼ਬਦਾਂ ਰਾਹੀਂ ਹੀ
ਤੇਰਾ ਚਿੱਤਰ ਬਣਾਉਣ ਲੱਗ ਪੈਂਦਾ

ਆਖੀਰ ਜਦ
ਉਸ ਕਾਗਜ਼ ਨੂੰ ਪੜ੍ਹਦਾ

ਤਾਂ ਉਹ ਕਾਗਜ਼
ਸ਼ੀਸ਼ਾ ਬਣ ਜਾਂਦਾ
ਫਿਰ ਉਸ ਕਾਗਜ਼ 'ਚੋਂ
ਮੈਨੂੰ
ਮੇਰਾ ਹੀ
ਅਕਸ ਦਿਸ ਪੈਂਦਾ।

## ਕੁਝ ਫ਼ਲਸਫ਼ੇ

ਵੇਖਣ ਨੂੰ ਲੱਗਦਾ ਏ ਇਹ ਗਜ ਲੰਮਾ ਕੱਪੜਾ
ਬੜਾ ਲੰਮਾ ਇਤਿਹਾਸ ਏ ਜੋ ਡੰਡੇ ਉੱਪਰ ਲਟਕਦਾ

ਤਰਾਜੂਆਂ ਨਾਲ ਨਹੀਂ ਤੁਲਦੇ ਜ਼ਿੰਦਗੀ ਦੇ ਹਰ ਫ਼ਲਸਫ਼ੇ
ਗੰਗਾ ਦਾ ਗੋਤਾਖੋਰ ਵੀ ਪਾਪਾਂ ਨੂੰ ਅਜੇ ਝਟਕਦਾ

ਕਹਿੰਦਾ ਸੀ ਜੋ ਪੀਵਾਂਗਾ ਦੁੱਖ ਸਾਰੇ ਡੀਕ ਲਾ ਕੇ
ਸੁਣਿਆ ਏ, ਮੈਖਾਨੇ ਵਿੱਚ ਅੱਜ ਵੀ ਪਿਆਸਾ ਭਟਕਦਾ

ਜਿਸਨੂੰ ਵੇਖ ਵੇਖ ਕੇ ਚੱਲਦੇ ਸੀ ਸਾਡੇ ਸਾਹ ਕਦੇ
ਹੁਣ ਉਸੇ ਨੂੰ ਯਾਦ ਕਰਦੇ ਹੀ ਸਾਹ ਸਾਡਾ ਅਟਕਦਾ

ਪਰਦੇਸੀ ਹੁਣ ਨਹੀਂ ਆਉਂਦੇ, ਪਰਦੇਸੋਂ ਹਵਾ ਕਦੇ-ਕਦੇ ਆ ਜਾਂਦੀ
ਬੱਸ ਓਸ ਹਵਾ ਨਾਲ ਹੀ ਬੂਹਾ ਕਦੇ ਕਦੇ ਖੜਕਦਾ।

## ਮੈਂ ਤੇ ਬ੍ਰਹਿਮੰਡ

ਦੂਰੀ ਤਾਂ ਕੁਝ ਖਿਆਲਾਂ ਨੇ ਪਾਈ ਸੀ
ਉਂਞ ਤਾਂ ਮੈਂ ਤੇ ਬ੍ਰਹਿਮੰਡ ਇੱਕ ਸੀ
ਮੇਰਾ ਇੱਕ ਨਾਉਂ ਸੀ,
ਇੱਕ ਧਰਮ ਸੀ,
ਇੱਕ ਗੋਤ ਵੀ ਸੀ
ਦੇਸ਼ਵਾਸੀ ਵੀ ਸੀ
ਦਰਵਾਜ਼ਿਆਂ ਨੂੰ ਲੱਗੇ ਹੋਏ ਜਿੰਦਰੇ
ਜਦੋਂ ਵੀ ਤੋੜਨ ਦੀ ਕੋਸ਼ਿਸ਼ ਕਰਦਾ
ਉਹ ਸ਼ਬਦਾਂ ਦੇ ਜਿੰਦਰੇ ਲਾ ਦਿੰਦੇ
ਆਕਾਸ਼ ਵੱਲ ਨਿਰੰਤਰ ਤੱਕਦਾ ਰਹਿੰਦਾ
ਸ਼ਾਇਦ,
ਮੈਂ ਤੇ ਬ੍ਰਹਿਮੰਡ...

## ਸਲਾਹਾਂ ਵਾਲੇ

ਬਹੁਤ ਰੀਝ ਏ ਜ਼ਿੰਦਗੀ 'ਚ ਕੁਝ ਕਰਨ ਦੀ
ਪਰ ਸਲਾਹਾਂ ਵਾਲੇ ਕੁਝ ਕਰਨ ਵੀ ਨਹੀਂ ਦਿੰਦੇ।

ਕੰਮ ਤਾਂ ਥੋੜ੍ਹੇ ਨੇ ਸਲਾਹਾਂ ਹੀ ਜ਼ਿਆਦਾ ਨੇ
ਇਸੇ ਕਰਕੇ ਹਿੰਮਤ ਦਾ ਦਮ ਭਰਨ ਨਹੀਂ ਦਿੰਦੇ।

ਕੀ ਕਰਾਂ ਮੈਂ, ਕਿੱਥੇ ਜਾ ਕੇ ਹੁਣ ਮਰਾਂ ਮੈਂ
ਪਰ ਕੰਮ ਕਰਨ ਦੇ ਕੀੜੇ ਮਰਨ ਵੀ ਨਹੀਂ ਦਿੰਦੇ।

ਚਿੱਤ ਬੜਾ ਕਰਦਾ ਏ ਕਿਸੇ ਰਾਹਾਂ 'ਤੇ ਤੁਰਾਂ
ਪਰ ਪੈਰ ਮੈਨੂੰ ਕਿਸੇ ਪਾਸੇ ਧਰਨ ਨਹੀਂ ਦਿੰਦੇ।

ਹੌਸਲਾ ਕਰਾਂ ਤਾਂ ਪਿੱਛੋਂ ਲੱਤਾਂ ਵੀ ਖਿੱਚਦੇ ਨੇ
ਜੇ ਡਰਕੇ ਬੈਠਾਂ ਤਾਂ ਏਹ ਡਰਨ ਨਹੀਂ ਦਿੰਦੇ।

ਜੇ ਮੈਂ ਅੱਗੇ ਵਧਾਂ ਤਾਂ ਏਹ ਈਰਖਾ ਕਰਦੇ ਨੇ
ਕੋਈ ਹੋਰ ਅੱਗੇ ਵਧੇ ਮੈਨੂੰ ਜਰਨ ਨਹੀਂ ਦਿੰਦੇ।

ਬਹੁਤ ਰੀਝ ਏ ਜ਼ਿੰਦਗੀ 'ਚ ਕੁਝ ਕਰਨ ਦੀ
ਕੀ ਕਰਾਂ ਸਲਾਹਾਂ ਵਾਲੇ ਕੁਝ ਕਰਨ ਨਹੀਂ ਦਿੰਦੇ।

## ਮਤਲਬੀ

ਰਾਤ ਨੂੰ ਮੈਂ ਦਿਨ ਕਹਾਂ
ਦਿਨ ਨੂੰ ਮੈਂ ਰਾਤ ਕਹਾਂ
ਲਫ਼ਜ਼ਾਂ ਨੂੰ ਮੈਂ ਬਦਲ ਕੇ
ਆਪਣੇ ਆਪ ਨੂੰ ਕੀ ਕਹਾਂ

ਕੀ ਲਫ਼ਜ਼ਾਂ ਨੂੰ ਬਦਲ ਕੇ
ਅਰਥ ਵੀ ਬਦਲ ਜਾਣਗੇ
ਜਾਂ ਫਿਰ ਮਨ ਦੀ ਤਸੱਲੀ ਏ
ਹੋਰ ਦੱਸੋ ਤਾਂ ਕੀ ਕਹਾਂ

ਮੈਨੂੰ ਪਤਾ ਉਹ ਨਹੀਂ ਬਦਲਣੇ
ਤਾਹੀਓਂ ਮੈਂ ਨਾਮ ਬਦਲ ਲਏ
ਪਰ ਭਾਵ ਨਹੀਂ ਏ ਬਦਲਦਾ
ਹੁਣ ਆਹੋ ਭਾਵ ਨੂੰ ਕੀ ਕਹਾਂ

ਨਾਮ ਬਦਲਣ ਦੇ ਪਿੱਛੇ ਵੀ
ਮੇਰੇ ਮਨ ਦਾ ਕੋਈ ਰਸ ਏ
ਸੱਚਮੁੱਚ ਮੈਂ ਹਾਂ ਮਤਲਬੀ
ਬੇਮਤਲਬ ਤੋਂ ਕੁਝ ਕੀ ਕਹਾਂ

ਜਦ ਉਹਨਾਂ ਦਾ ਨਾਮ ਬਦਲਿਆ
ਉਹ ਉਵੇਂ ਹੀ ਚੁੱਪ ਰਹੇ
ਜਦ ਮੇਰਾ ਨਾਮ ਕਿਸੇ ਬਦਲਿਆ
ਫਿਰ ਝੱਟ ਦੇਣੇ ਹਾਏ ਸੀ—ਕਹਾਂ

## ਵੈਸੇ ਤਾਂ ਉਹ

ਵੈਸੇ ਤਾਂ ਉਹ ਫੈਲਾਅ ਦੇ ਉੱਤੇ ਕਫ਼ਨ ਸੀ
ਪਰ ਅੱਜ ਉਹ ਮਿੱਟੀ ਵਿੱਚ ਦਫ਼ਨ ਸੀ

ਬੱਦਲ ਬਰਸੇ ਜਦ ਉਸ ਉੱਤੇ ਬੁੱਕਲ ਝਾੜ ਕੇ
ਉੱਗ ਆਇਆ ਉਹ ਧਰਤੀ ਦਾ ਸੀਨਾ ਪਾੜ ਕੇ

ਕੁੜੀਆਂ ਨੇ ਰਲਕੇ ਉਸ ਉੱਤੇ ਪੀਂਘਾਂ ਪਾਈਆਂ
ਕੋਈ ਤਣਿਆਂ ਉੱਤੇ ਲੁੱਕਦਾ ਕੋਈ ਦਿੰਦਾ ਦਾਈਆਂ

ਰੱਜ ਕੇ ਛਾਂ ਦਿੱਤੀ ਰੱਜ ਕੇ ਹਵਾ ਦਿੱਤੀ
ਬੁੱਕਲ 'ਚ ਬੈਠਣ ਦੀ ਵੀ ਉਸਨੇ ਜਗ੍ਹਾ ਦਿੱਤੀ

ਤਾਸ਼ਾਂ ਦੀਆਂ ਬਾਜੀਆਂ ਲੱਗੀਆਂ ਕਈ ਜਿੱਤਾਂ ਹਾਰਾਂ
ਕਈ ਮੌਸਮ ਆ-ਆ ਬਦਲੇ ਕਈ ਰੁੱਤ ਬਹਾਰਾਂ

ਵੇਖ ਜ਼ਰਾ ਹੁਣ ਕੀ ਤੇ ਪਹਿਲਾਂ ਕੀ ਸੀ
ਇੰਨਾ ਵਿਸ਼ਾਲ ਫੈਲਾਅ, ਉਂਝ ਨਿੱਕਾ ਜਿਹਾ ਬੀਅ ਸੀ

ਵੇਖ ਲਈਏ ਅਸੀਂ ਵੀ ਆਪਣੇ ਅੰਦਰ ਝਾਤੀ ਮਾਰਕੇ
ਉੱਗ ਪਈਏ ਇਨਸਾਨੀਅਤ ਲਈ ਹਉਮੈਂ ਦਾ ਕਫ਼ਨ ਉਤਾਰਕੇ।

## ਉਹ ਕੌਣ ਏ

ਉਹ ਕੌਣ ਏ ?
ਜੋ ਹਰ ਵਕਤ
ਹਵਾ ਦੇ ਧਾਗਿਆਂ 'ਚ
ਸਾਹਾਂ ਦੇ ਮਣਕੇ
ਪਰਾਉਂਦਾ ਰਹਿੰਦਾ ਏ।

## ਸੂਫੀ

ਫੁੱਲ ਵੀ ਉਸਦਾ ਏ
ਤਿੱਤਲੀਆਂ ਵੀ ਉਸਦੀਆਂ ਨੇ
..........
ਨਜ਼ਰ ਵੀ ਉਸਦੀ ਏ
ਨਜ਼ਾਰੇ ਵੀ ਉਸੇ ਦੇ ਨੇ
...............
ਜੇ ਚਿੰਤਨ ਉਸਦਾ ਏ
ਤਾਂ ਚੇਤਨਾ ਵੀ ਉਸੇ ਦੀ ਏ
..............
ਸੂਫੀ ਕਹਿੰਦੇ
ਸਾਡੇ ਲਈ ਤਾਂ
ਸਭ ਪਾਸੇ
.............
ਹਜ਼ੂਰ ਹੀ ਹਜ਼ੂਰ ਏ।

## ਜੋ ਫੁੱਲਾਂ ਨੂੰ ਦੇਖਦੇ ਸਾਰ

ਜੋ ਫੁੱਲਾਂ ਨੂੰ ਵੇਖਦੇ ਸਾਰ
ਖ਼ੁਦ ਫੁੱਲ ਬਣ ਜਾਂਦੇ ਨੇ
ਸੱਚ ਪੁੱਛੋ ਤਾਂ ਫੁੱਲਾਂ ਨੂੰ
ਅਸਲੋਂ ਉਹ ਹੀ ਤੱਕਦੇ ਨੇ।

ਸਰਹੱਦਾਂ ਤੇ ਜਾ ਕੇ ਵੇਖੋ
ਖੜ੍ਹੇ ਨੇ ਜੋ ਰਖਵਾਲੇ
ਜਿੱਥੇ ਫੁੱਲਾਂ ਦੀ ਰਾਖੀ ਲਈ
ਪੈਰਾਂ ਹੇਠ ਅੰਗਿਆਰੇ ਮੱਚਦੇ ਨੇ।

ਧਰਤੀ ਵੀ ਭਾਰ ਝੱਲਦੀ ਨਾ
ਜਿੱਥੇ ਕਾਫ਼ਰ ਪੈਰ ਧਰਦੇ ਨੇ
ਪਰ ਲੋਕੀ ਸਜਦਾ ਕਰਦੇ ਜਿੱਥੇ
ਪੀਰ ਪੈਗੰਬਰ ਚਾਦਰ ਰੱਖਦੇ ਨੇ।

ਕਈਆਂ ਨੇ ਤਾਂ ਠੋਕਰ ਖਾਧੀ
ਕਈ ਸ਼ਾਇਦ ਪੜ੍ਹੇ-ਲਿਖੇ ਨੇ
ਯਾ ਖ਼ੁਦਾ ਜਾਮੀਰ ਜਾਗਦੇ ਨੇ
ਜੋ ਰਾਹਾਂ 'ਚੋਂ ਰੋੜੇ ਚੱਕਦੇ ਨੇ।

## ਸਫ਼ਰ

ਸਫ਼ਰ ਤਾਂ ਬੜਾ ਲੰਮਾ ਏ ਪਹਾੜਾਂ ਤੋਂ ਸਾਗਰ ਤੱਕ ਦਾ
ਇੱਕ ਸ਼ਬਦ ਨਦੀ ਵਰਤ ਕੇ ਮੈਂ ਕਿਵੇਂ ਪੂਰਾ ਕਰ ਦਿਆਂ

ਸਫ਼ਰ ਤਾਂ ਇੱਕ ਉਹ ਵੀ ਸੀ ਸਾਗਰ ਤੋਂ ਪਹਾੜਾਂ ਵੱਲ ਦਾ
ਪਰ ਕੱਲਾ ਬੱਦਲ ਲਿਖ ਕੇ ਕਿਵੇਂ ਕਾਗਜ਼ ਪੂਰਾ ਭਰ ਦਿਆਂ

ਕੀ ਸੱਚਮੁੱਚ ਤੇਰਾ ਕੋਈ ਭੇਤ ਹੈ ਜਾਂ ਸਦਾ ਹੀ ਅਭੇਦ ਏ
ਨਦੀ ਕਹਾਂ ਜਾਂ ਬੱਦਲ ਕਹਾਂ ਤੇਰਾ ਕੀ-ਕੀ ਨਾਂ ਧਰ ਦਿਆਂ

ਸਵੇਰ ਦੀ ਪ੍ਰਭਾਤ ਅੰਤ ਜਾ ਕੇ ਬਣ ਜਾਵੇ ਰਾਤ
ਕੀ ਬੋਲਾਂ ਕੀ ਛੱਡਾਂ ਗੱਲ ਕਰਦਾ ਹਾਂ ਡਰਦਿਆਂ ਡਰਦਿਆਂ।

## ਧੰਨਵਾਦ

ਉਹ ਇੰਨਾ ਲਾਜਵਾਬ ਸੀ
ਕਿ ਪੂਰੀ ਕਦਰ ਤਾਂ
ਚੁੱਪ ਹੀ ਪਾ ਸਕਦੀ ਸੀ,
........
ਪਰ ਮੈਂ ਕੁਝ
ਲੋਕਾਂ ਦੇ ਉਧਾਰੇ ਸ਼ਬਦ ਵਰਤ ਕੇ
ਉਸਦਾ ਇੱਕ ਤੁੱਛ
ਜਿਹਾ ਧੰਨਵਾਦ ਕਰ ਦਿੱਤਾ।

## ਪ੍ਰਸ਼ਨ ਚਿੰਨ੍ਹ

ਇਹ ਸਵਾਲਾਂ ਪਿੱਛੇ
ਜੋ ਤੂੰ
ਪ੍ਰਸ਼ਨ ਚਿੰਨ੍ਹ ਲਾਏ ਨੇ
??????
ਇਹ ਗੋਲ ਜਿਹੀ ਘੁੰਡੀ ਵਾਲੇ
ਜੋ ਚਿੱਤਰ ਬਣਾਏ ਨੇ

ਸਭ ਜਾਣਦਾ ਹਾਂ
ਤੂੰ ਮੇਰੇ ਅਕਸ ਵਾਹੇ ਨੇ
ਜਿੱਥੇ ਮੈਂ
ਨੀਵੀਂ ਪਾਈ
ਗਰਦਨ ਹੇਠਾਂ ਲਮਕਾਈ
ਖੜ੍ਹਾ ਹਾਂ
?

## ਲੰਘ ਗਏ

ਸਾਲ ਲੰਘੇ
ਮਹੀਨੇ ਲੰਘੇ

ਦਿਨ ਲੰਘੇ
ਰਾਤਾਂ ਲੰਘੀਆਂ

ਮੇਲੇ, ਮਹਿਫਲਾਂ
ਜਿੱਤਾਂ
ਹਾਰਾਂ ਲੰਘੀਆਂ

ਏਹ
ਕਿਉਂ ਆਏ
ਆ ਕੇ ਲੰਘ ਗਏ

ਹਾਂ
ਇਹ ਲੰਘਣ ਨਹੀਂ ਆਏ
ਇਹ ਤਾਂ
ਲੰਘਾਉਣ ਆਏ ਉਹਨਾਂ ਨੂੰ
ਜੋ ਸੋਚਦੇ ਨੇ
ਸ਼ਾਇਦ
ਸਦਾ
ਇੱਥੇ ਹੀ ਰਹਿਣਾ ਏ

## ਵਰਤਮਾਨ

ਵਰਤਮਾਨ ਦੇ ਕੋਰੇ
ਕਾਗਜ਼ ਤੇ
..........
ਉਦਾਸੀ
ਚਿੰਤਾ
ਡਰ
ਵਰਗੇ ਲੇਖ ਹੀ ਲਿਖਦਾ ਰਿਹਾ
................
ਪਰ ਇਹ ਕਾਗਜ਼
ਕਿਸੇ ਦਾ
ਧੰਨਵਾਦ
ਉਸਤਤ
ਸਿਫ਼ਤ
ਕਰਨ ਲਈ ਮਿਲਿਆ ਸੀ।

## ਤਰਜੀਹ

ਸਿਰਾਂ ਤੇ
ਇਲਜ਼ਾਮ

ਗਲਾਂ 'ਚ
ਤਮਗੇ

ਦੱਸੋ ਹੁਣ
ਦੋਹਾਂ 'ਚੋਂ
ਕਿਸਨੂੰ
ਤਰਜੀਹ
ਦੇਵੋਗੇ
?

## ਨਹਿਲੇ ਤੇ ਦਹਿਲਾ

ਕੁੱਝ ਦਿਨ ਹੋਏ ਕਿਸੇ ਦੇ ਘਰ ਮੈਂ ਮਿਲਣ ਗਿਆ ਸੀ
ਗੱਲਾਂ ਦਾ ਵੱਡਾ ਸਾਰਾ ਗੱਠਾ ਮੇਰੇ ਮਨ 'ਚ ਪਿਆ ਸੀ।

ਬੈਠਣ ਸਾਰ ਗੱਲਾਂ ਦਾ ਗੱਠਾ ਉਹਨਾਂ ਨੇ ਖੋਲ੍ਹ ਲਿਆ
ਮੈਂ ਮੌਕਾ ਜਿਹਾ ਵੇਖ ਕੇ ਮਨ ਨੂੰ ਪਿੱਛੇ ਮੋੜ ਲਿਆ।

ਫਿਰ ਨਿੰਦਿਆ, ਚੁਗਲੀ ਚੰਗੇ-ਮਾੜੇ ਦਾ ਮੀਂਹ ਬਰਸਣ ਲੱਗਾ
ਸੁਣਦਾ ਸੁਣਦਾ ਆਖਰਕਾਰ ਮੈਂ ਚਾਹ ਨੂੰ ਤਰਸਣ ਲੱਗਾ।

ਫਿਰ ਉਹਨਾਂ ਦੀ ਬੀਬੀ ਕਹਿੰਦੀ ਮੈਂ ਚਾਹ ਬਣਾਕੇ ਲਿਆਈ
ਮਨ ਨੂੰ ਆਰਾਮ ਮਿਲਿਆ ਹੁਣ ਮੇਰੀ ਜੀਭ ਦੀ ਵਾਰੀ ਆਈ।

ਗੱਲ ਸੁਣਕੇ, ਮਸਾਲਾ ਲਾ ਕੇ ਅੱਗੇ ਕਰਨੀ ਕਿਹੜਾ ਜ਼ੋਰ ਲੱਗਦਾ ਏ
ਚੁੱਪ ਰਹਿ ਨਹੀਂ ਹੁੰਦਾ, ਹਾਜ਼ਮਾ ਮੇਰਾ ਵੀ ਕਮਜ਼ੋਰ ਲੱਗਦਾ ਏ।

ਭੜਾਸ ਕੱਢ ਦਿਆਂ ਮੈਂ ਆਪਣੀ ਨਹੀਂ ਤਾਂ ਜਾਣੀ ਨੀ ਚਾਹ ਪੀਤੀ
ਪਰ ਬੀਬੀ ਮੈਨੂੰ ਬੋਲਣ ਨਾ ਦੇਵੇ ਹਰ ਕੋਸ਼ਿਸ਼ ਨਾਕਾਮ ਕੀਤੀ।

ਕਾਫੀ ਸਮਾਂ ਗੱਲਾਂ ਸੁਣਾ ਕੇ ਉਹਨਾਂ ਰੋਟੀ ਪੁੱਛਣ ਦੀ ਕੀਤੀ
ਪਰ ਮੇਰਾ ਢਿੱਡ ਭਰਿਆ ਪਿਆ ਸੀ, ਮੈਂ ਤਾਂ ਉੱਠਣ ਦੀ ਕੀਤੀ।

ਕਦੇ ਕਦੇ ਗੱਲੀਂ ਬੰਦਾ ਗੋਡੀ ਲਾ ਕੇ ਬਹਿ ਜਾਂਦਾ ਏ
ਬੱਸ ਭਾਣਾ ਮੰਨ ਲਓ, ਨਹਿਲੇ ਤੇ ਦਹਿਲਾ ਵੀ ਪੈ ਜਾਂਦਾ ਏ।

## ਰੁੱਖ ਤੇ ਪੰਛੀ

ਹਿਲਦੇ ਜਦ ਮੈਂ ਵੇਖਾਂ
ਤੇਰੇ ਹਰੇ ਹਰੇ ਪੱਤੇ
ਲੱਗਦਾ ਤੂੰ ਹੁਣੇ ਉੱਡੇਂਗਾ
ਆਈ ਹੋਈ ਏਸ ਰੁੱਤੇ।

ਪੰਛੀਆਂ ਨੇ ਪਾਏ ਆਲ੍ਹਣੇ
ਤੇ ਆਲ੍ਹਣਿਆਂ 'ਚ ਬੱਚੜੇ
ਤੇਰੇ ਵੀ ਕੁਝ ਲੱਗਦੇ ਨੇ
ਜੋ ਰਹਿੰਦੇ ਤੇਰੇ ਉੱਤੇ।

ਦਿਨੇ ਤੈਨੂੰ ਛੋੜ ਛੋੜ
ਅੰਬਰਾਂ ਨੂੰ ਉੱਡਦੇ
ਤੇ ਰਾਤ ਪਈ ਵੇਖਾਂ
ਤੇਰੀ ਬੁੱਕਲ 'ਚ ਸੁੱਤੇ।

ਤੇਰੀਆਂ ਸ਼ਾਖਾਵਾਂ ਦੇ ਉੱਤੇ
ਹੁੰਦੀ ਏ ਚੁੰਝ ਚਰਚਾ
ਹੱਕ ਤੇਰੇ ਤੇ ਜਤਾਉਂਦੇ
ਉਡਾਰੀਆਂ ਦੇ ਬਲਬੂਤੇ।

❦❦

## ਇੰਤਜ਼ਾਰ

ਜੇਕਰ ਸੂਰਜ ਚੜ੍ਹਨ ਦਾ ਇੰਤਜ਼ਾਰ ਕਰਦੇ
ਤਾਂ
ਪਹਿਲੀ ਰੌਸ਼ਨੀ ਦੀ ਕਿਰਨ 'ਚ ਹੀ
ਉਸਨੂੰ ਲੱਭ ਲੈਂਦੇ
ਪਰ, ਹਨੇਰੀ ਰਾਤ ਨੂੰ
........
ਰੇਤੇ ਵਿੱਚ ਮਾਰੀਆਂ ਟੱਕਰਾਂ ਨੇ
ਉਸਨੂੰ ਹੋਰ ਰੇਤੇ ਵਿੱਚ ਦੱਬ ਦਿੱਤਾ।

## ਆਸ਼ੀਰਵਾਦ

ਇਹ ਪਿੱਪਲਾਂ ਦੇ ਪੱਤੇ
ਮਿਰਜਾਬ ਜਾਪਦੇ ਨੇ

ਸੂਰਜ ਦੀਆਂ
ਕਿਰਨਾਂ ਨੂੰ ਛੂੰਹਦੇ
ਹਵਾ 'ਚ ਉੱਠਦੇ
ਰਾਗ ਜਾਪਦੇ ਨੇ

ਜੋ
ਪਿੱਪਲ ਦੇ ਹੇਠਾਂ
ਬੈਠੇ ਨੇ ਜੁੜਕੇ

ਲੱਗਣ ਹਜ਼ਾਰਾਂ ਹੱਥ
ਦਿੰਦੇ ਉਹਨਾਂ ਨੂੰ

ਅਸ਼ੀਰਵਾਦ ਜਾਪਦੇ ਨੇ।

## ਜ਼ਿੰਦਾਦਿਲੀ

ਹੱਸਕੇ ਨੱਚਕੇ ਤੇ ਗਾ ਵਜਾ ਕੇ
ਔਖੇ ਵੇਲੇ ਕਿਸੇ ਦੇ ਕੰਮ ਆ ਕੇ
ਜ਼ਿੰਦਗੀ ਮੰਗੇ ਸਦਾ ਜ਼ਿੰਦਾਦਿਲੀ
ਭੁੱਲਕੇ ਵੀ ਸਹਿਮੀ ਸਹਿਮੀ ਨਾ ਰੱਖੀ।

ਲੋੜ ਤੋਂ ਥੋੜ੍ਹਾ ਜਿਹਾ ਹਟਕੇ
ਪੈਸੇ ਦੀ ਦੌੜ ਤੋਂ ਬਚਕੇ
ਜ਼ਿੰਦਗੀ ਸਹਿੰਦੀ ਸਹਿੰਦੀ ਹੀ ਚੱਲੇ
ਐਵੇਂ ਬਹੁਤੀ ਗਹਿਮਾ ਗਹਿਮੀ ਨਾ ਰੱਖੀ।

ਇਹ ਤਾਂ ਸਿਆਣੇ ਵੀ ਕਹਿੰਦੇ ਨੇ
ਜੋ ਦਿਲ ਕਰਦਾ ਉਹ ਰੱਖੋ
ਕੰਮ ਲਵੀਂ ਜ਼ਰਾ ਦਿਮਾਗ਼ ਤੋਂ
ਬਿਨਾਂ ਸਮਝੇ ਗ਼ਲਤ-ਫ਼ਹਿਮੀ ਨਾ ਰੱਖੀ।

ਜ਼ਿਆਦਾ ਸੁਣੀ ਤੇ ਥੋੜ੍ਹਾ ਬੋਲੀ
ਰਾਤ ਨੂੰ ਕੁੰਡੀ ਪੁੱਛ ਕੇ ਖੋਲ੍ਹੀਂ
ਦੂਜੇ ਦਾ ਵੀ ਪੱਖ ਸੁਣਲੀ
ਆਪਣੀ ਹੀ ਕੱਲੀ ਕਹਿਣੀ ਨਾ ਰੱਖੀ।

## ਮਿਲਣ ਗਏ

ਜਦ ਉਹਨਾਂ ਨੂੰ
ਮਿਲਣ ਗਏ
ਤਾਂ
ਗੱਲਾਂ ਗੱਲਾਂ 'ਚ
ਉਹਨਾਂ ਨੇ
ਉਹਨਾਂ ਨੂੰ ਵੀ
ਮਿਲਾ ਦਿੱਤਾ
ਜਿਨ੍ਹਾਂ ਨੂੰ ਅਜੇ
ਮਿਲਣ ਜਾਣਾ ਸੀ
ਇਸੇ ਕਰਕੇ, ਕਈਆਂ ਨੂੰ
ਬਿਨਾਂ ਮਿਲੇ ਹੀ
ਮਿਲਕੇ
ਛੇਤੀ ਛੇਤੀ
ਘਰ ਵਾਪਸ ਆ ਗਏ।

## ਸੰਖ

ਸੰਖ
ਢੋਲਕੀਆਂ
ਟੱਲੀਆਂ
ਵਾਜੇ
ਕਮਰੇ ਵਿੱਚ ਵੱਜ ਰਹੇ ਸਨ
ਕਮਰੇ ਦੇ ਬਾਹਰ
ਦਰਖਤਾਂ 'ਤੇ ਬੈਠੇ
ਪਰਿੰਦੇ
ਆਪਣੀਆਂ
ਸੰਖ ਵਰਗੀਆਂ ਚੁੰਝਾਂ ਨਾਲ
ਗੀਤ ਗਾ ਰਹੇ ਸਨ

ਸਾਰਾ ਕੁਝ
ਕਿਸੇ ਦੀ
ਉਸਤਤ ਲਈ
ਹੋ ਰਿਹਾ ਸੀ।

## ਕਾਸ਼

ਕਾਸ਼
ਕਿਤੇ ਬੋਲਣ ਤੋਂ ਪਹਿਲਾਂ

ਸਮਾਂ
ਸਥਾਨ
ਸਥਿਤੀ
ਤੋਂ ਪੁੱਛਿਆ ਹੁੰਦਾ
ਕੀ ਬੋਲਾਂ
ਕੀ ਨਾ ਬੋਲਾਂ

ਸਾਡੀ
ਉਮਰਾਂ ਤੱਕ ਨਿਭ ਜਾਂਦੀ

## ਚੀਸ

ਅੰਤ
ਬੜਾ ਹੀ
ਅਜੀਬ ਏ
................
................
ਸਵਾਲ
ਉਸਦੀ ਮਾਫੀ ਨਹੀਂ
................
................
ਸਵਾਲ ਤਾਂ
ਮੇਰੀ ਚੀਸ ਏ।

## ਮੌਨ ਬੁੱਤ

ਇੱਕ ਛੈਣੀ ਵਰਗੀ
ਜੀਭ
ਤੇ ਉੱਪਰੋਂ
ਹਥੌੜਿਆਂ ਵਰਗੇ ਲਫ਼ਜ਼ਾਂ ਨਾਲ
ਤੂੰ
ਅਜਿਹੀਆਂ ਚੋਟਾਂ ਕੀਤੀਆਂ
ਕਿ
ਮੇਰਾ
ਮੋਨ ਬੁੱਤ
ਤਰਾਸ਼ਿਆ ਗਿਆ।

## ਚੁੱਪ

ਪਰਿੰਦਿਆਂ
ਨਾਲ
ਜਦ ਵੀ ਗੱਲਾਂ ਕੀਤੀਆਂ
ਅੱਖਾਂ ਤੇ ਦਿਲ
ਨੇ ਕੀਤੀਆਂ

ਜ਼ੁਬਾਨ ਨੇ ਨਹੀਂ
ਚੁੱਪ ਨੇ ਕੀਤੀਆਂ

ਪਤਾ ਨਹੀਂ ਕਿਉਂ
ਜਦ ਵੀ ਮੈਂ

ਜ਼ੁਬਾਨੋਂ
ਕੁਝ ਬੋਲਣ ਲੱਗਿਆ
ਉਹ ਝੱਟ ਦੇਣੇ
ਉੱਡ ਗਏ।

## ਤਖਤੋਤਾਜ

ਫੁੱਲਾਂ ਦੀਆਂ ਪੱਤੀਆਂ ਤੇ
ਜਦ ਬੈਠਦੀ ਏ ਮਧੂਮੱਖੀ
ਲੱਗੇ ਬੈਠਦੀ ਏ ਰਾਣੀ
ਜਿਉਂ ਕਿਸੇ ਤਖਤੋਤਾਜ ਤੇ।

ਕਦੇ ਵੇਖਾਂ ਤਿੱਤਲੀਆਂ ਤੋਂ
ਚੱਕਿਆ ਨਾ ਚਾਅ ਜਾਵੇ
ਵੱਜਦੇ ਨੇ ਰਾਗ ਜਿਉਂ
ਕਿਸੇ ਤੰਤੀ ਸਾਜ ਤੇ।

ਹਵਾ ਵਿੱਚ ਮਸਤ ਹੋਏ
ਹਿਲਾਉਂਦੇ ਨੇ ਸਿਰ ਫੁੱਲ ਵੀ
ਨਾ ਕਰ ਪਲਕਾਂ ਦਾ ਪਰਦਾ
ਕੁਦਰਤ ਦੇ ਇਸ ਰਾਜ ਤੇ।

ਅਸ਼ ਅਸ਼ ਹੋਇਆ ਹਾਂ
ਅੰਦਰੋਂ ਮੈਂ ਅੱਜ ਆਪਣੇ
ਸ਼ਬਦਾਂ 'ਚ ਹੁਣ ਕੀ ਲਿਖਾਂ
ਤੇਰੇ ਇਸ ਮਿਜਾਜ਼ ਤੇ।

## ਰਵਾਨਗੀ ਰਹੇ

ਰਵਾਨਗੀ ਰਹੇ
ਸੱਚ ਰਹੇ

ਵਹਿੰਦੇ ਹੋਏ ਪਾਣੀ
ਵੇਖੋ
ਬਹੁਤ ਕੁਝ
ਦੱਸ ਰਹੇ
ਜੋ ਟੁੱਟੇ ਨੇ
ਸੁੱਕ ਕੇ
ਟਾਹਣੀਆਂ ਤੋਂ ਹੁਣੇ ਹੀ
ਡਿੱਗਣ ਤੋਂ ਪਹਿਲਾਂ ਵੀ
ਹਵਾ 'ਚ ਕਿੰਨਾ
ਨੱਚ ਰਹੇ

ਫੁੱਲਾਂ ਦੀਆਂ ਮਹਿਫਲਾਂ 'ਚ
ਕੱਥਕ ਕਰਦੀਆਂ
ਤਿੱਤਲੀਆਂ
ਫੁੱਲ ਵੀ ਵੇਖੋ
ਵੇਖ ਵੇਖ
ਹੱਸ ਰਹੇ

ਰਵਾਨਗੀ ਰਹੇ
ਬੱਸ
ਇੱਦਾਂ ਹੀ
ਰਵਾਨਗੀ ਰਹੇ
ਸੱਚ ਰਹੇ।